ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 28 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੧੨ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪੰਜਾਬੀਆਂ ਲਈ ਖ਼ਤਰੇ ਦੀ ਘੰਟੀ ! BBMB ਨੇ ਖੋਲ੍ਹ 'ਤੇ ਫਲੱਡ ਗੇਟ, ਇਸ ਡੈਮ 'ਚ ਵਧਿਆ ਪਾਣੀ ਦਾ ਪੱਧਰ

**ਹੁਸ਼ਿਆਰਪੁਰ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਾਸੀਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਹੁਸ਼ਿਆਰਪੁਰ-ਦਸੂਹਾ ਦੇ ਤਲਵਾੜਾ ਨੇੜੇ ਪੌਂਗ ਡੈਮ ਦੇ ਪਾਣੀ ਦਾ ਪੱਧਰ ਪਿਛਲੇ 4 ਦਿਨਾਂ ਵਿੱਚ 14 ਫੁੱਟ ਵਧਿਆ ਹੈ, ਜਿਸ ਕਾਰਨ ਬੀ.ਬੀ.ਐੱਮ.ਬੀ. ਵਿਭਾਗ ਵੱਲੋਂ ਸ਼ਾਹ ਨਹਿਰ ਬੈਰਾਜ ਦੇ 4 ਫਲੱਡ ਗੇਟ ਖੋਲ੍ਹੇ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਪਿਛਲੇ 2 ਦਿਨਾਂ ਤੋਂ ਹਿਮਾਚਲ ਅਤੇ ਪੰਜਾਬ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1343.19 ਫੁੱਟ ਹੋ ਗਿਆ ਹੈ। ਹਿਮਾਚਲ ਵਿੱਚ ਮੀਂਹ ਕਾਰਨ ਪੌਂਗ ਡੈਮ ਦੀ ਮਹਾਰਾਣਾ ਪ੍ਰਤਾਪ ਝੀਲ ਵਿੱਚ ਪਾਣੀ ਦਾ ਕੁੱਲ੍ਹ ਪ੍ਰਵਾਹ 29 ਹਜ਼ਾਰ 265 ਕਿਊਸਿਕ ਹੈ ਅਤੇ ਪੌਂਗ ਡੈਮ ਤੋਂ ਸ਼ਾਹ ਨਹਿਰ ਬੈਰਾਜ ਵਿੱਚ ਛੱਡਿਆ ਜਾ ਰਿਹਾ ਪਾਣੀ 18 ਹਜ਼ਾਰ 502 ਕਿਊਸਿਕ ਹੈ। ਇਸ ਕਾਰਨ ਸ਼ਾਹ ਨਹਿਰ ਬੈਰਾਜ ਵਿੱਚ ਪਾਣੀ ਦਾ ਪੱਧਰ 330.700 ਮੀਟਰ ਤੱਕ ਵੱਧ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਸ਼ਾਹ ਨਹਿਰ ਬੈਰਾਜ ਤੋਂ 4 ਫਲੱਡ ਗੇਟਾਂ ਰਾਹੀਂ ਬਿਆਸ ਦਰਿਆ ਵਿੱਚ ਪਾਣੀ ਛੱਡਿਆ ਜਾ ਰਿਹਾ ਹੈ। ਬੀ. ਬੀ. ਐੱਮ. ਬੀ. ਵਿਭਾਗ ਪੰਜਾਬ ਅਤੇ ਹਿਮਾਚਲ ਦੇ ਦਰਿਆ ਕੰਢੇ ਰਹਿਣ ਵਾਲੇ ਪਿੰਡ ਵਾਸੀਆਂ ਨੂੰ ਪਾਣੀ ਦੇ ਨੇੜੇ ਨਾ ਜਾਣ ਦੀ ਸਲਾਹ ਦੇ ਰਿਹਾ ਹੈ ਤਾਂ ਜੋ ਕਿਸੇ ਨੂੰ ਵੀ ਜਾਨ-ਮਾਲ ਦਾ ਨੁਕਸਾਨ ਨਾ ਹੋਵੇ।

## ਹਰਿਦੁਆਰ ਦੇ ਮਨਸਾ ਦੇਵੀ ਮੰਦਰ ਦੇ ਰਸਤੇ 'ਚ ਮੱਚੀ ਭਗਦੜ

# 10 ਲੋਕਾਂ ਦੀ ਮੌਤ, ਕਈ ਜ਼ਖਮੀ

**ਹਰਿਦੁਆਰ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਰਿਦੁਆਰ ਵਿੱਚ ਮਨਸਾ ਦੇਵੀ ਮੰਦਿਰ ਦੇ ਪੈਦਲ ਮਾਰਗ 'ਤੇ ਭਗਦੜ ਮਚ ਗਈ, ਜਿਸ ਵਿੱਚ ਹੁਣ ਤੱਕ 7 ਲੋਕਾਂ ਦੀ ਮੌਤ ਦੀ ਖਬਰ ਸਾਹਮਣੇ ਆਈ ਹੈ। ਇਸ ਦੇ ਨਾਲ ਹੀ ਕਈ ਲੋਕ ਜ਼ਖਮੀ ਵੀ ਹੋਏ ਹਨ। ਹਾਦਸੇ ਤੋਂ ਬਾਅਦ ਬਚਾਅ ਅਤੇ ਰਾਹਤ ਕਾਰਜ ਜਾਰੀ ਹਨ, ਅਤੇ ਜ਼ਖਮੀਆਂ ਨੂੰ ਹਸਪਤਾਲ ਭੇਜਿਆ ਗਿਆ ਹੈ। ਭਗਦੜ ਤੋਂ ਬਾਅਦ ਹੋਏ ਹਾਦਸੇ ਬਾਰੇ ਇੱਕ ਜ਼ਖਮੀ ਨੇ ਦੱਸਿਆ ਕਿ "ਅਚਾਨਕ ਉੱਥੇ ਭਾਰੀ ਭੀੜ ਇਕੱਠੀ ਹੋ ਗਈ ਅਤੇ ਭਗਦੜ ਮਚ ਗਈ।" ਇਸ ਹਾਦਸੇ ਸਬੰਧੀ ਗੜ੍ਹਵਾਲ ਮੰਡਲ ਕਮਿਸ਼ਨਰ ਵਿਨੈ ਸ਼ੰਕਰ ਪਾਂਡੇ ਨੇ ਕਿਹਾ ਕਿ ਹਰਿਦੁਆਰ ਦੇ ਮਨਸਾ ਦੇਵੀ ਮੰਦਿਰ ਵਿੱਚ ਭਾਰੀ ਭੀੜ ਇਕੱਠੀ ਹੋਣ ਕਾਰਨ ਮਚੀ ਭਗਦੜ ਵਿੱਚ ਲਗਭਗ 10 ਲੋਕਾਂ ਦੀ ਮੌਤ ਹੋ ਗਈ। ਮੈਂ ਘਟਨਾ ਸਥਾਨ ਲਈ ਰਵਾਨਾ ਹੋ ਰਿਹਾ ਹਾਂ,



ਅਤੇ ਘਟਨਾ ਦੀ ਵਿਸਤ੍ਰਿਤ ਰਿਪੋਰਟ ਦੀ ਉਡੀਕ ਹੈ। ਇਸ ਹਾਦਸੇ ਸਬੰਧੀ ਗੜ੍ਹਵਾਲ ਮੰਡਲ ਕਮਿਸ਼ਨਰ ਵਿਨੈ ਸ਼ੰਕਰ ਪਾਂਡੇ ਨੇ ਕਿਹਾ ਕਿ ਹਰਿਦੁਆਰ ਦੇ ਮਨਸਾ ਦੇਵੀ ਮੰਦਿਰ ਵਿੱਚ ਭਾਰੀ ਭੀੜ ਇਕੱਠੀ ਹੋਣ ਕਾਰਨ ਮਚੀ ਭਗਦੜ ਵਿੱਚ ਲਗਭਗ 10 ਲੋਕਾਂ ਦੀ ਮੌਤ ਹੋ ਗਈ। ਮੈਂ ਘਟਨਾ ਸਥਾਨ ਲਈ ਰਵਾਨਾ ਹੋ ਰਿਹਾ ਹਾਂ, ਅਤੇ ਘਟਨਾ ਦੀ ਵਿਸਤ੍ਰਿਤ ਰਿਪੋਰਟ ਦੀ ਉਡੀਕ ਹੈ। ਹਰਿਦੁਆਰ ਵਿੱਚ ਮਚੀ ਭਗਦੜ ਦੇ ਹਾਦਸੇ ਬਾਰੇ ਐਸਐਸਪੀ ਪ੍ਰਮੇਂਦਰ ਸਿੰਘ ਡੋਭਾਲ ਨੇ ਕਿਹਾ, "ਸਾਨੂੰ ਕੁਝ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਮਿਲੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ। ਲਗਭਗ 35 ਲੋਕਾਂ ਨੂੰ ਹਸਪਤਾਲ ਲਿਆਉਂਦਾ ਗਿਆ ਅਤੇ ਲਗਭਗ 10 ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ। ਬਾਕੀਆਂ ਦਾ ਇਲਾਜ ਚੱਲ ਰਿਹਾ ਹੈ। ਪ੍ਰਥਮ ਦ੍ਰਿਸ਼ਟੀ, ਮੰਦਿਰ ਮਾਰਗ ਤੋਂ 100 ਮੀਟਰ ਹੇਠਾਂ ਪੌੜੀਆਂ 'ਤੇ ਬਿਜਲੀ ਦਾ ਝਟਕਾ ਲੱਗਣ ਦੀ ਅਫਵਾਹ ਕਾਰਨ ਭਗਦੜ ਮਚੀ। ਅਸੀਂ ਅਗਲੇਰੀ ਜਾਂਚ ਕਰ ਰਹੇ ਹਾਂ।" ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਇਸ ਹਾਦਸੇ ਬਾਰੇ ਐਕਸ 'ਤੇ ਪੋਸਟ ਕਰਦਿਆਂ ਲਿਖਿਆ, "ਹਰਿਦੁਆਰ ਸਥਿਤ ਮਨਸਾ ਦੇਵੀ ਮੰਦਿਰ ਮਾਰਗ 'ਚ ਭਗਦੜ ਮਚਣ ਦੀ ਬਹੁਤ ਹੀ ਦੁਖਦਾਈ ਖਬਰ ਪ੍ਰਾਪਤ ਹੋਈ ਹੈ। ਉੱਤਰਾਖੰਡ ਪੁਲਿਸ, ਸਥਾਨਕ ਪੁਲਿਸ ਅਤੇ ਹੋਰ ਬਚਾਅ ਦਲ ਮੌਕੇ 'ਤੇ ਪਹੁੰਚ ਕੇ ਰਾਹਤ ਅਤੇ ਬਚਾਅ ਕਾਰਜਾਂ 'ਚ ਜੁਟੇ ਹੋਏ ਹਨ।

## ਅਮਰੀਕਾ ਹਵਾਈ ਜਹਾਜ 'ਚ ਲੈਂਡਿੰਗ ਸਮੇਂ ਲੱਗੀ ਅੱਗ; ਟਲਿਆ ਵੱਡਾ ਹਾਦਸਾ, ਲੈਂਡਿੰਗ ਗੇਅਰ 'ਚ ਆਈ ਸੀ ਪਰੇਸ਼ਾਨੀ

**ਵਾਸ਼ਿੰਗਟਨ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਇੱਕ ਵੱਡੇ ਜਹਾਜ਼ ਹਾਦਸੇ ਤੋਂ ਵਾਲ-ਵਾਲ ਬਚ ਗਿਆ ਹੈ। ਡੇਨਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ਨੀਵਾਰ ਦੁਪਹਿਰ ਨੂੰ ਇੱਕ ਵੱਡਾ ਜਹਾਜ਼ ਹਾਦਸਾ ਹੋਣ ਤੋਂ ਟਲ ਗਿਆ ਜਦੋਂ ਅਮਰੀਕਨ ਏਅਰਲਾਈਨਜ਼ ਦੀ ਉਡਾਣ 113023 ਦੇ ਲੈਂਡਿੰਗ ਗੀਅਰ ਵਿੱਚ ਅੱਗ ਲੱਗ ਗਈ। ਇਹ ਘਟਨਾ ਉਦੋਂ ਵਾਪਰੀ ਜਦੋਂ ਜਹਾਜ਼ ਉਡਾਣ ਭਰਨ ਦੀ ਤਿਆਰੀ ਕਰ ਰਿਹਾ ਸੀ। ਜਹਾਜ਼ ਵਿੱਚ ਸਵਾਰ ਸਾਰੇ 173 ਯਾਤਰੀ ਅਤੇ ਚਾਲਕ ਦਲ ਦੇ 6 ਮੈਂਬਰ ਪੂਰੀ ਤਰ੍ਹਾਂ ਸੁਰੱਖਿਅਤ ਹਨ। ਹਾਲਾਂਕਿ, ਇੱਕ ਯਾਤਰੀ ਨੂੰ ਮਾਮੂਲੀ ਸੱਟਾਂ ਕਾਰਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਬਾਕੀ ਪੰਜ ਯਾਤਰੀਆਂ ਨੂੰ ਮੌਕੇ 'ਤੇ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਇਹ ਘਟਨਾ ਸ਼ਨੀਵਾਰ



ਨੂੰ ਦੁਪਹਿਰ 2:45 ਵਜੇ (ਅਮਰੀਕੀ ਸਮੇਂ ਅਨੁਸਾਰ) ਵਾਪਰੀ, ਜਦੋਂ ਫਲਾਈਟ 113023 ਡੇਨਵਰ ਤੋਂ ਮਿਆਮੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਉਡਾਣ ਭਰਨ ਵਾਲੀ ਸੀ। ਜਹਾਜ਼ ਰਨਵੇਅ 'ਤੇ ਉਡਾਣ ਭਰਨ ਦੀ ਤਿਆਰੀ ਕਰ ਰਿਹਾ ਸੀ ਜਦੋਂ ਲੈਂਡਿੰਗ ਗੀਅਰ ਦਾ ਇੱਕ ਟਾਇਰ ਖਰਾਬ ਹੋ ਗਿਆ। ਇਸ ਕਾਰਨ ਇਸ ਵਿੱਚ ਅੱਗ ਲੱਗ ਗਈ। ਡੇਨਵਰ ਫਾਇਰ ਡਿਪਾਰਟਮੈਂਟ ਅਤੇ ਹਵਾਈ ਅੱਡਾ ਪ੍ਰਸ਼ਾਸਨ ਤੁਰੰਤ ਮੌਕੇ 'ਤੇ ਪਹੁੰਚ ਗਿਆ ਅਤੇ ਅੱਗ 'ਤੇ ਕਾਬੂ ਪਾਇਆ। ਐਮਰਜੈਂਸੀ ਸਲਾਈਡਾਂ ਰਾਹੀਂ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਅਮਰੀਕਨ ਏਅਰਲਾਈਨਜ਼ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਹੈ ਕਿ ਜਹਾਜ਼ ਬੋਇੰਗ 737 ਮੈਕਸ 8 ਸੀ ਅਤੇ ਇਸ ਵਿੱਚ ਟਾਇਰ ਨਾਲ ਸਬੰਧਤ ਤਕਨੀਕੀ ਸਮੱਸਿਆ ਸੀ। ਏਅਰਲਾਈਨ ਨੇ ਕਿਹਾ ਕਿ ਪ੍ਰਭਾਵਿਤ ਜਹਾਜ਼ ਨੂੰ ਸੇਵਾ ਤੋਂ ਹਟਾ ਦਿੱਤਾ ਗਿਆ ਹੈ ਅਤੇ ਪੂਰੀ ਜਾਂਚ ਕੀਤੀ ਜਾਵੇਗੀ। ਜਹਾਜ਼ ਗੇਟ 334 ਤੋਂ ਰਵਾਨਾ ਹੋਣ ਵਾਲਾ ਸੀ ਅਤੇ ਟੇਕਆਫ ਦਾ ਸਮਾਂ ਦੁਪਹਿਰ 1:12 ਵਜੇ ਸੀ। 611 (ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ) ਨੇ ਇਸਨੂੰ ਸੰਭਾਵਿਤ ਲੈਂਡਿੰਗ ਗੀਅਰ ਖਰਾਬੀ ਵਜੋਂ ਰਿਪੋਰਟ ਕੀਤਾ ਹੈ।

## ਪੰਥਕ ਅੰਦੋਲਨ ਦਾ ਹਿੱਸਾ ਬਣਿਆ ਸੰਯੁਕਤ ਕਿਸਾਨ ਮੋਰਚਾ, ਅੰਮ੍ਰਿਤਸਰ 'ਚ ਸੱਦੀ ਵੱਡੀ ਪੰਥਕ ਪੰਚਾਇਤ. ਡੱਲੇਵਾਲ ਨੇ ਕਿਹਾ-ਪਹਿਲਾਂ ਕੀਤੀ ਭੁੱਲ ਪਰ ਹੁਣ ਨਹੀਂ...

**ਅੰਮ੍ਰਿਤਸਰ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਵਿੱਚ ਵਿਰਾਸਤੀ ਮਾਰਗ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੀ ਬੇਅਦਬੀ ਦੇ ਖ਼ਿਲਾਫ਼ ਪਿਛਲੇ ਪੰਜ ਸਾਲਾਂ ਤੋਂ ਚੱਲ ਰਹੇ ਪੰਥਕ ਮੋਰਚੇ ਨੂੰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਆਪਣਾ ਸਮਰਥਨ ਦੇ ਦਿੱਤਾ ਹੈ।



ਸੰਯੁਕਤ ਕਿਸਾਨ ਗੈਰ-ਰਾਜਨੀਤਿਕ ਮੋਰਚਾ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮੋਰਚਾ ਪ੍ਰਮੁੱਖ ਭਾਈ ਬਲਦੇਵ ਸਿੰਘ ਵਡਾਲਾ ਨਾਲ ਮੁਲਾਕਾਤ ਕੀਤੀ ਅਤੇ ਇਸ ਸੰਘਰਸ਼ ਨੂੰ ਆਪਣਾ ਪੂਰਾ ਸਮਰਥਨ ਦਿੱਤਾ। ਡੱਲੇਵਾਲ ਨੇ ਕਿਹਾ ਕਿ ਇਹ ਸਿਰਫ਼ ਇੱਕ ਧਾਰਮਿਕ ਅੰਦੋਲਨ ਨਹੀਂ ਹੈ, ਸਗੋਂ ਪੂਰੀ ਸਿੱਖ ਕੌਮ ਦੀ ਆਸਥਾ ਨਾਲ ਜੁੜਿਆ ਗੰਭੀਰ ਮਾਮਲਾ ਹੈ। ਉਨ੍ਹਾਂ ਦੱਸਿਆ ਕਿ ਈਸ਼ਰ ਸਿੰਘ ਕਮਿਸ਼ਨ ਦੀ ਰਿਪੋਰਟ ਐਸਜੀਪੀਸੀ ਨੂੰ ਸੌਂਪੀ ਗਈ ਸੀ, ਜਿਸ ਵਿੱਚ ਦੋਸ਼ੀਆਂ ਦੇ ਖਿਲਾਫ਼ ਐਫ਼ਆਈਆਰ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਹੋਈ ਹੈ। ਡੱਲੇਵਾਲ ਨੇ ਐਲਾਨ ਕੀਤਾ ਕਿ ਸੰਯੁਕਤ ਕਿਸਾਨ ਮੋਰਚਾ ਹੁਣ ਇਸ ਪੰਥਕ ਅੰਦੋਲਨ ਦਾ ਹਿੱਸਾ ਬਣੇਗਾ। 7 ਸਤੰਬਰ ਨੂੰ ਅੰਮ੍ਰਿਤਸਰ ਵਿੱਚ ਇੱਕ ਵੱਡੀ ਪੰਥਕ ਪੰਚਾਇਤ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸੰਘਰਸ਼ ਦੀ ਅਗਲੀ ਰਣਨੀਤੀ ਤੈਅ ਹੋਵੇਗੀ। ਇਸ ਤੋਂ ਪਹਿਲਾਂ 1 ਤੋਂ 7 ਸਤੰਬਰ ਤੱਕ ਹਰ ਪਿੰਡ ਦੇ ਗੁਰਦੁਆਰਿਆਂ ਵਿੱਚ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਮੋਰਚੇ ਦੀ ਸਫ਼ਲਤਾ ਤੇ ਚੜ੍ਹਦੀ ਕਲਾ ਲਈ ਅਰਦਾਸਾਂ ਕੀਤੀਆਂ ਜਾਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਹਰ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸੰਘਰਸ਼ ਵਿੱਚ ਸ਼ਾਮਲ ਹੋਵੇ, ਕਿਉਂਕਿ ਇਹ ਸਿੱਖ ਆਸਥਾ ਦੀ ਰੱਖਿਆ ਦਾ ਸਵਾਲ ਹੈ। ਡੱਲੇਵਾਲ ਨੇ ਇਹ ਵੀ ਸਵੀਕਾਰ ਕੀਤਾ ਕਿ ਬੇਅਦਬੀ ਦੇ ਸਮੇਂ ਪੰਥਕ ਮੋਰਚੇ ਨੂੰ ਸਮੇਂ ਸਿਰ ਸਮਰਥਨ ਨਾ ਦੇਣਾ ਇੱਕ ਭੁੱਲ ਸੀ, ਜਿਸ ਨੂੰ ਉਹ ਅੱਜ ਸੁਧਾਰਨ ਆਇਆ ਹੈ। ਡੱਲੇਵਾਲ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਉਹ ਸੱਚਮੁੱਚ ਦੋਸ਼ੀਆਂ ਦੇ ਖਿਲਾਫ਼ ਗੰਭੀਰ ਹੈ, ਤਾਂ ਪਿਛਲੀ ਪ੍ਰੈੱਸ ਕਾਨਫ਼ਰੰਸ ਵਿੱਚ ਕੀਤੇ ਗਏ ਵਾਅਦਿਆਂ ਦੇ ਅਨੁਸਾਰ ਤੁਰੰਤ ਐਫ਼ਆਈਆਰ ਦਰਜ ਕਰਵਾਈ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸੰਘਰਸ਼ ਹੁਣ ਸਿਰਫ਼ ਅਮ੍ਰਿਤਸਰ ਤੱਕ ਸੀਮਤ ਨਹੀਂ ਰਹੇਗਾ, ਸਗੋਂ ਪੂਰੇ ਦੇਸ਼ ਦੀ ਸਿੱਖ ਸੰਗਤ ਨੂੰ ਜਾਗਰੂਕ ਕੀਤਾ ਜਾਵੇਗਾ।

## ਸਿਵਲ ਜੱਜ ਭਰਤੀ ਪ੍ਰੀਖਿਆ 'ਚ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਦਾਖਲਾ ਨਾ ਦੇਣਾ ਸਿੱਖਾਂ ਵਿਰੁੱਧ ਨਫ਼ਰਤੀ ਵਿਤਕਰਾ : ਜਥੇਦਾਰ ਕੁਲਦੀਪ ਸਿੰਘ ਗੜਗੱਜ

**ਤਰਨ-ਤਾਰਨ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜੈਪੁਰ ਵਿੱਚ ਰਾਜਸਥਾਨ ਹਾਈ ਕੋਰਟ (ਜੋਧਪੁਰ) ਦੀ ਸਿਵਲ ਜੱਜ ਦੀ ਭਰਤੀ ਦਾ ਇਮਤਿਹਾਨ ਦੇਣ ਗਈ ਅੰਮ੍ਰਿਤਧਾਰੀ ਉਮੀਦਵਾਰ ਗੁਰਪ੍ਰੀਤ ਕੌਰ ਵਾਸੀ ਫੇਲੋਕੇ ਜ਼ਿਲ੍ਹਾ ਤਰਨ ਤਾਰਨ ਨੂੰ ਕਿਰਪਾਨ ਪਹਿਨੇ ਹੋਣ ਕਰਕੇ ਦਾਖਲਾ ਨਾ ਦੇਣ ਦਾ ਸਖ਼ਤ ਨੋਟਿਸ ਲੈਂਦਿਆਂ, ਇਸ ਨੂੰ ਭਾਰਤੀ ਸੰਵਿਧਾਨ ਦੀ ਵੱਡੀ ਉਲੰਘਣਾ ਅਤੇ ਸਿੱਖਾਂ ਵਿਰੁੱਧ ਨਫ਼ਰਤੀ ਵਿਤਕਰਾ ਕਰਾਰ ਦਿੱਤਾ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਇਸ ਦੀ ਨਿੰਦਾ ਕਰਦਿਆਂ ਰਾਜਸਥਾਨ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਸਵਾਲ ਕੀਤਾ ਕਿ ਆਪਣੇ ਆਪ ਨੂੰ ਸਿੱਖ ਹਿਤੈਸ਼ੀ ਦੱਸਣ ਵਾਲੀ ਭਾਜਪਾ ਦੱਸੇ ਕਿ ਉਹ ਕਿਵੇਂ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੁਨੀਆ ਅੰਦਰ ਕਿਸ ਨੂੰ ਨਹੀਂ ਪਤਾ ਕਿ ਅੰਮ੍ਰਿਤਧਾਰੀ ਸਿੱਖ ਕਕਾਰ ਵਜੋਂ ਕਿਰਪਾਨ ਪਾਉਂਦੇ ਹਨ, ਲੇਕਿਨ ਦੇਸ਼ ਅੰਦਰ ਵਾਰ-ਵਾਰ ਸਿੱਖਾਂ ਨੂੰ ਉਨ੍ਹਾਂ ਦੀ ਵੱਖਰੀ ਪਛਾਣ ਅਤੇ



ਧਾਰਮਿਕ ਅਕੀਦਿਆਂ ਕਾਰਨ ਜਾਣਬੁੱਝ ਕੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵੀ ਰਾਜਸਥਾਨ ਹਾਈ ਕੋਰਟ ਦੇ ਸਿਵਲ ਜੱਜ ਦੀ ਭਰਤੀ ਵੇਲੇ ਸਿੱਖਾਂ ਨਾਲ ਵਿਤਕਰੇ ਦੇ ਮਾਮਲੇ ਜੈਪੁਰ ਤੇ ਜੋਧਪੁਰ ਤੋਂ ਸਾਹਮਣੇ ਆਏ ਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਨੇ ਇਸ ਸਬੰਧੀ ਸਰਕਾਰ ਨਾਲ ਲਿਖਾ-ਪੜ੍ਹੀ ਵੀ ਕੀਤੀ ਸੀ, ਇਸ ਦੇ ਬਾਵਜੂਦ ਇਸ ਸਾਲ ਫਿਰ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਇਮਤਿਹਾਨ ਵਿੱਚ ਦਾਖਲੇ ਤੋਂ ਰੋਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਦੀ ਵਿਆਖਿਆ 1 ਵਿੱਚ ਸਪੱਸ਼ਟ ਦਰਜ ਹੈ ਕਿ ਸਿੱਖ ਧਰਮ ਵਿੱਚ ਕਿਰਪਾਨ ਪਹਿਨਣਾ ਸ਼ਾਮਲ ਹੈ, ਇਸ ਦੇ ਬਾਵਜੂਦ ਸੰਵਿਧਾਨ ਦੀ ਰਾਖੀ ਕਰਨ ਵਾਲੀ ਅਦਾਲਤ ਦੀ ਪ੍ਰੀਖਿਆ ਵਿੱਚ ਹੀ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਜਥੇਦਾਰ ਗੜਗੱਜ ਨੇ ਕਿ ਕਿਹਾ ਅੱਜ ਜਦੋਂ ਤਿਲਕ ਤੇ ਜੰਞੂ ਦੇ ਰਾਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਅਤੇ ਸਰਕਾਰਾਂ ਇਸ ਨੂੰ ਸਮਰਪਿਤ ਸਮਾਗਮ ਕਰਵਾਉਣ ਦੇ ਦਾਅਵੇ ਕਰ ਰਹੀਆਂ ਹਨ, ਤਾਂ ਉੱਥੇ ਹੀ ਦੇਸ਼ ਅੰਦਰ ਉਨ੍ਹਾਂ ਦੇ ਸਿੱਖਾਂ ਦੇ ਕਕਾਰਾਂ ਉੱਤੇ ਸਵਾਲ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਇਹ ਦੱਸਣ ਕਿ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਵਾਲੇ ਸ੍ਰੀ ਗੁਰੂ ਤੇਗ. ਬਹਾਦਰ ਜੀ ਦੇ ਸਿੱਖਾਂ ਨਾਲ ਅਜਿਹਾ ਵਿਤਕਰਾ ਕਰਕੇ ਕੀ ਉਨ੍ਹਾਂ ਨੂੰ ਸੱਚੀ ਸਰਧਾਂਜਲੀ ਦਿੱਤੀ ਜਾ ਰਹੀ ਹੈ ? ਜਥੇਦਾਰ ਗੜਗੱਜ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਤਾਜ਼ਾ ਮਾਮਲੇ ਅਤੇ ਪਿਛਲੇ ਮਾਮਲਿਆਂ ਨੂੰ ਲੈ ਕੇ ਤੁਰੰਤ ਹੀ ਇੱਕ ਉੱਚ ਪੱਧਰੀ ਸਾਂਝਾ ਵਫ਼ਦ ਤਿਆਰ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ ਅਤੇ ਰਾਜਸਥਾਨ ਹਾਈ ਕੋਰਟ ਦੇ ਰਜਿਸਟਰਾਰ ਨਾਲ ਮੁਲਾਕਾਤ ਕਰਕੇ, ਇਸ ਵਿਤਕਰੇ ਦੇ ਵਿਰੁੱਧ ਸਖ਼ਤ ਇਤਰਾਜ਼ ਦਰਜ ਕਰਵਾ ਕੇ ਇਸ ਨੂੰ ਹਮੇਸ਼ਾ ਲਈ ਠੱਲ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਲੋੜ ਹੋਵੇ ਤਾਂ ਅਜਿਹੇ ਵਿਤਕਰੇ ਵਾਲੇ ਸਾਰੇ ਮਾਮਲੇ ਇਕੱਤਰ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਸਥਾਨ ਹਾਈ ਕੋਰਟ ਵਿੱਚ ਪਟੀਸ਼ਨ ਪਾ ਕੇ ਇਸ ਦਾ ਪੱਕਾ ਹੱਲ ਕਰੇ ਤਾਂ ਜੋ ਅਗਾਂਹ ਤੋਂ ਕਿਸੇ ਅੰਮ੍ਰਿਤਧਾਰੀ ਸਿੱਖ ਉਮੀਦਵਾਰ ਦਾ ਭਵਿੱਖ ਦਾਅ ਉੱਤੇ ਨਾ ਲੱਗੇ ਅਤੇ ਵਿਤਕਰਾ ਨਾ ਹੋਵੇ।

## ਸ਼ੁਭਮਨ ਗਿੱਲ ਨੇ ਤੋੜਿਆ ਡਾਨ ਬ੍ਰੈਡਮੈਨ ਦਾ 86 ਸਾਲ ਪੁਰਾਣਾ ਰਿਕਾਰਡ, ਸੈਂਕੜਾ ਲਾ ਕੇ ਬਣਾਏ ਕਈ ਰਿਕਾਰਡ

**ਲੰਡਨ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼ੁਭਮਨ ਗਿੱਲ ਨੇ ਮੈਨਚੈਸਟਰ ਵਿੱਚ ਭਾਰਤ ਅਤੇ ਇੰਗਲੈਂਡ ਵਿਚਕਾਰ ਖੇਡੇ ਜਾ ਰਹੇ ਚੌਥੇ ਟੈਸਟ ਮੈਚ ਵਿੱਚ ਇਤਿਹਾਸ ਰਚਿਆ। ਸ਼ੁਭਮਨ ਗਿੱਲ ਨੇ ਅਸਮਾਨ ਵਿੱਚ ਭਾਰੀ ਬੱਦਲਾਂ ਅਤੇ ਆਲੋਚਨਾਵਾਂ ਦੇ ਵਿਚਕਾਰ ਆਪਣੇ ਕਰੀਅਰ ਦੀ ਸਭ ਤੋਂ ਮਹੱਤਵਪੂਰਨ ਪਾਰੀ ਖੇਡੀ। ਜਦੋਂ ਗਿੱਲ ਇਸ ਟੈਸਟ ਮੈਚ ਦੀ ਦੂਜੀ ਪਾਰੀ ਵਿੱਚ ਕ੍ਰੀਜ਼ 'ਤੇ ਆਇਆ ਤਾਂ ਭਾਰਤ ਦੀ ਹਾਲਤ ਬਹੁਤ ਖਰਾਬ ਸੀ। ਦੋਵੇਂ ਓਪਨਰ ਪਹਿਲੇ ਓਵਰ ਵਿੱਚ ਹੀ ਆਊਟ ਹੋ ਗਏ ਅਤੇ ਪੈਵੇਲੀਅਨ ਵਾਪਸ ਪਰਤ ਗਏ ਅਤੇ ਸਕੋਰ ਜ਼ੀਰੋ 'ਤੇ



ਦੋ ਵਿਕਟਾਂ ਸੀ। ਇਸ ਤੋਂ ਪਹਿਲਾਂ ਸ਼ੁਭਮਨ ਗਿੱਲ ਦੀ ਕਪਤਾਨੀ 'ਤੇ ਸਵਾਲ ਉਠਾਏ ਜਾ ਰਹੇ ਸਨ। ਖਾਸ ਕਰਕੇ ਇੰਗਲੈਂਡ ਦੀ ਪਹਿਲੀ ਪਾਰੀ ਦੌਰਾਨ ਫੀਲਡਿੰਗ ਸੈਟਿੰਗਾਂ ਅਤੇ ਗੇਂਦਬਾਜ਼ਾਂ ਦੀ ਤਬਦੀਲੀ ਬਾਰੇ। ਪਰ ਗਿੱਲ ਨੇ ਜਵਾਬ ਦਿੱਤਾ। ਬੱਲੇ ਨਾਲ, ਉਹ ਵੀ ਮੁਸ਼ਕਲ ਹਾਲਾਤਾਂ ਵਿੱਚ। 25 ਸਾਲਾ ਕਪਤਾਨ ਨੇ ਆਖਰੀ ਦਿਨ ਸਵੇਰੇ ਪੁਆਇੰਟ ਵੱਲ ਇੱਕ ਤੇਜ਼ ਕੱਟ ਮਾਰ ਕੇ ਆਪਣਾ ਸੈਂਕੜਾ ਪੂਰਾ ਕੀਤਾ। ਚੌਥੇ ਦਿਨ ਕੇਐੱਲ ਰਾਹੁਲ ਨਾਲ ਦੋ ਸੈਸ਼ਨਾਂ ਲਈ ਇੰਗਲੈਂਡ ਦੇ ਗੇਂਦਬਾਜ਼ਾਂ ਦਾ ਸਾਹਮਣਾ ਕਰਦੇ ਸਮੇਂ ਉਹ 78 ਦੌੜਾਂ 'ਤੇ ਅਜੇਤੂ ਰਿਹਾ। ਇਹ ਇਸ ਲੜੀ ਵਿੱਚ ਗਿੱਲ ਦਾ ਚੌਥਾ ਸੈਂਕੜਾ ਸੀ। ਉਹ ਅਜਿਹਾ ਕਰਨ ਵਾਲਾ ਸਿਰਫ਼ ਤੀਜਾ ਭਾਰਤੀ ਹੈ। ਉਸ ਤੋਂ ਪਹਿਲਾਂ ਸਿਰਫ਼ ਸੁਨੀਲ ਗਾਵਸਕਰ (1971, 1978) ਅਤੇ ਵਿਰਾਟ ਕੋਹਲੀ (2014-15) ਨੇ ਹੀ ਇਹ ਉਪਲਬਧੀ ਹਾਸਲ ਕੀਤੀ ਸੀ। ਉਸ ਨੇ ਡੌਨ ਬ੍ਰੈਡਮੈਨ ਦਾ 86 ਸਾਲ ਪੁਰਾਣਾ ਰਿਕਾਰਡ ਤੋੜਿਆ। ਗਿੱਲ ਹੁਣ ਇੰਗਲੈਂਡ ਵਿੱਚ ਇੱਕ ਟੈਸਟ ਲੜੀ ਵਿੱਚ ਸਭ ਤੋਂ ਵੱਧ ਸੈਂਕੜੇ (4 ਸੈਂਕੜੇ) ਲਗਾਉਣ ਵਾਲਾ ਕਪਤਾਨ ਹੈ। ਬ੍ਰੈਡਮੈਨ ਨੇ 1938 ਦੀ ਐਸ਼ੇਜ਼ ਵਿੱਚ 4 ਸੈਂਕੜੇ ਲਗਾਏ ਸਨ। ਗਿੱਲ ਹੁਣ ਇੱਕ ਸੀਰੀਜ਼ ਵਿੱਚ 700 ਦੌੜਾਂ ਬਣਾਉਣ ਵਾਲਾ ਤੀਜਾ ਭਾਰਤੀ ਬੱਲੇਬਾਜ਼ ਬਣ ਗਿਆ ਹੈ। ਉਸਨੇ ਯਸ਼ਸਵੀ ਜੈਸਵਾਲ ਦੇ 712 ਦੌੜਾਂ (2024) ਨੂੰ ਪਿੱਛੇ ਛੱਡ ਦਿੱਤਾ। ਹੁਣ ਸਿਰਫ਼ ਸੁਨੀਲ ਗਾਵਸਕਰ (774 ਦੌੜਾਂ, ਵੈਸਟ ਇੰਡੀਜ਼ 1971) ਉਸ ਤੋਂ ਅੱਗੇ ਹਨ। ਗਿੱਲ ਨੇ ਹੈਟ੍ਰਿਕ ਗੇਂਦ ਦਾ ਸਾਹਮਣਾ ਕਰਦਿਆਂ ਪਾਰੀ ਦੀ ਸ਼ੁਰੂਆਤ ਕੀਤੀ। ਪਰ ਦਬਾਅ ਅੱਗੇ ਝੁਕਣ ਦੀ ਬਜਾਏ, ਉਸਨੇ ਬਦਲਾ ਲਿਆ। ਨਰਮ ਹੱਥਾਂ ਅਤੇ ਸਟੀਕ ਫੁੱਟਵਰਕ ਦੀ ਮਦਦ ਨਾਲ, ਉਸਨੇ ਦੌੜਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਫਿਰ ਟੈਸਟ ਬੱਲੇਬਾਜ਼ੀ ਦੀ ਰਫ਼ਤਾਰ ਵਿੱਚ ਸੈਟਲ ਹੋ ਗਿਆ।

## ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
## ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

**★ ਸਲਾਹ ★**
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

ਆਵਾਜ਼ਿ ਕੌਮ AWAZE QAUM

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਨ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੇਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ੍ਹ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਂਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULWINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

# ਆਵਾਜ਼ਿ ਕੌਮ AWAZE QAUM

## ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mendioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

**To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.**

**--ADVICE--**

**Request to all Sangat to have own travel Insurance individualy!**


**Program is subject to change without Prior Notice.**

## JOURNEY OF A LIFE TIME

## PANJ TAKHAT YATRA

### 5 TAKHAT YATRA - 10 NIGHTS / 11 DAYS

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd




After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th




Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th




Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th




After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th




After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th




After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**

| RAGHBIR SINGH | PARAMJIT SHERGILL | INDERJIT KAUR | KULVINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

## ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL +44 7458 381111, +44 7976 210161)

PARAMJIT SHERGILL
+44 7858 198159


INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਨਾਮ ਜਪੋ / ਕਿਰਤ ਕਰੋ / ਵੰਡ ਛਕੋ — Naam Japo / Kirat Karo / Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ









--✶ ਗੁਰੂ ਪੰਥ ਦਾ ਸੇਵਾਦਾਰ ✶--

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ

ਅਤੇ ਪ੍ਰਧਾਨ ਸੰਤ ਸਮਾਜ




# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਦੇ ਧਾਰਮਿਕ ਸਮਾਗਮਾਂ ਲਈ ਭਾਈ ਕਪਤਾਨ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# +44 7788 283485

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਆਵਾਜ਼ਿ ਕੌਮ AWAZE QAUM

### ਪੰਜਾਬ ਨੂੰ ਹਰਾ ਭਰਾ ਅਤੇ ਰੰਗਲਾ ਬਣਾਉਣ ਲਈ

# ਲੋਕ ਸਹਿਯੋਗ ਕਰਨ - ਚੇਅਰਮੈਨ ਦਲਵੀਰ ਸਿੰਘ ਢਿੱਲੋਂ






ਧੂਰੀ ( ਰਣਜੀਤ ਸਿੰਘ ਪੇਧਨੀ ) – ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਸ੍ਰ ਦਲਵੀਰ ਸਿੰਘ ਢਿੱਲੋਂ ਨੇ ਸੂਬਾ ਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਮੌਨਸੂਨ ਸੀਜ਼ਨ ਦੌਰਾਨ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਸੰਭਾਲਣ ਤਾਂ ਜੋ ਪੰਜਾਬ ਹਰਾ ਭਰਾ ਅਤੇ ਰੰਗਲਾ ਬਣਾਇਆ

ਆਵਾਜ਼ਿ ਕੌਮ AWAZE QAUM International Newspaper & WEB TV

### ਪਿੰਡ ਬਰੜਵਾਲ ਵਿਖੇ ਫ਼ਲਦਾਰ ਬੂਟੇ ਲਗਾਏ ਅਤੇ ਸਨਾਤਨ ਧਰਮਸ਼ਾਲਾ ਵਿੱਚ ਖ਼ੂਨਦਾਨ ਕੈਂਪ ਵਿੱਚ ਸ਼ਿਰਕਤ

ਜਾ ਸਕੇ। ਅੱਜ ਪਿੰਡ ਬਰੜਵਾਲ ਸਥਿਤ ਡੇਰਾ ਸਾਹਿਬ ਵਿਖੇ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਫ਼ਲਦਾਰ ਬੂਟੇ ਲਗਾਉਣ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਦਿਨੋਂ ਦਿਨ ਪਲੀਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ। ਇਸ ਤੋਂ ਇਲਾਵਾ ਅੱਜ ਲਗਾਏ ਹੋਏ ਬੂਟਿਆਂ ਨੂੰ ਬਚਾਉਣ ਦੀ ਵੀ ਲੋੜ੍ਹ ਹੈ। ਇਸ ਉਪਰੰਤ ਉਹਨਾਂ ਨੇ ਸਨਾਤਨ ਧਰਮਸ਼ਾਲਾ ਵਿਖੇ ਪਰਿਵਰਤਨ ਅਤੇ ਸਟੈਪ ਇਨ ਸੋਸਾਇਟੀ ਵੱਲੋਂ ਆਯੋਜਿਤ ਖ਼ੂਨਦਾਨ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ ਕਿਹਾ ਕਿ ਅੱਜ ਮਨੁੱਖਤਾ ਦੀ ਸਭ ਤੋਂ ਵੱਡੀ ਲੋੜ ਖ਼ੂਨਦਾਨ ਹੈ। ਇਕ ਵਾਰ ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੜਕ ਹਾਦਸਿਆਂ ਵਿੱਚ ਕੀਮਤੀ ਜਾਨਾਂ ਬਚਾਉਣ ਲਈ ਹੀ ਸੜਕ ਸੁਰੱਖਿਆ ਫੋਰਸ ਦਾ ਗਠਨ ਕੀਤਾ ਗਿਆ ਹੈ। ਜਿਸ ਦੇ ਬਹੁਤ ਹੀ ਬੇਹਤਰ ਨਤੀਜੇ ਸਾਹਮਣੇ ਆ ਰਹੇ ਹਨ। ਇਸ ਮੌਕੇ ਉਹਨਾਂ ਨੇ ਖ਼ੂਨਦਾਨੀਆਂ ਦਾ ਸਨਮਾਨ ਵੀ ਕੀਤਾ।

# ਰਾਜਸਥਾਨ ਯੂਨੀਵਰਸਿਟੀ ਵੱਲੋਂ ਸਿੱਖ ਵਿਦਿਆਰਥਣ ਨਾਲ ਵਿਤਕਰੇ ਦੀ ਸਖ਼ਤ ਨਿਖੇਧੀ: ਪਰਮਜੀਤ ਸਿੰਘ ਵੀਰ ਜੀ

**ਨਵੀਂ ਦਿੱਲੀ 27 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨਾਲ ਵੱਡੀ ਬੇਇਨਸਾਫੀ ਕਰਦਿਆਂ ਜੈਪੁਰ ਵਿਖੇ ਇਮਤਿਹਾਨ ਕੇਂਦਰ ਦੇ ਮੁਲਾਜ਼ਮਾਂ ਨੇ ਕਕਾਰ ਉਤਾਰ ਕੇ ਇਮਤਿਹਾਨ ਦੇਣ ਲਈ ਕਿਹਾ। ਜੋ ਕਿ ਬਹੁਤ ਹੀ ਮੰਦਭਾਗਾ ਅਤੇ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਣ ਵਾਲਾ ਹੈ। ਗੁਰੂਬਾਣੀ ਰਿਸਰਚ



ਆਵਾਜ਼ਿ ਕੌਮ AWAZE QAUM International Newspaper & WEB TV

ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ ਪਰਮਜੀਤ ਸਿੰਘ ਵੀਰਜੀ ਨੇ ਕਿਹਾ ਕਿ ਗੁਰਪ੍ਰੀਤ ਕੌਰ ਬਹੁਤ ਹੀ ਹੋਣਹਾਰ ਵਿਦਿਆਰਥਣ ਹੈ ਅਤੇ ਗੁਰੂ ਘਰ ਨਾਲ ਜੁੜੀ ਹੋਈ ਹੈ। ਅਜਿਹੇ ਬੱਚਿਆਂ ਨੇ ਸਿੱਖੀ ਸਰੂਪ ਵਿੱਚ ਰਹਿ ਕੇ ਉਚ ਸਿੱਖਿਆ ਹਾਸਿਲ ਕਰਦਿਆਂ ਚੰਗੇ ਅਹੁਦਿਆਂ 'ਤੇ ਪਹੁੰਚ ਕੇ ਨਵੀਂ ਪੀੜੀ ਨੂੰ ਪ੍ਰੇਰਿਤ ਕਰਨਾ ਹੁੰਦਾ ਹੈ। ਪਰ ਤਰਾਸਦੀ ਦੀ ਗੱਲ ਹੈ ਕਿ ਭਾਰਤੀ ਸਿਸਟਮ ਵਿੱਚ ਸਿੱਖਾਂ ਲਈ ਕੋਈ ਇਨਸਾਫ ਅਤੇ ਬਰਾਬਰ ਦੇ ਹੱਕ ਨਹੀਂ ਹਨ। ਉਕਤ ਵਿਦਿਆਰਥਣ ਪਿਛਲੇ ਲੰਬੇ ਸਮੇਂ ਤੋਂ ਜੱਜ ਦੀ ਪ੍ਰੀਖਿਆ ਵਾਸਤੇ ਸਖਤ ਮਿਹਨਤ ਕਰ ਰਹੀ ਸੀ। ਗੁਰਪ੍ਰੀਤ ਕੌਰ ਨਾਲ ਵਾਪਰੀ ਘਟਨਾ ਹੋਰਨਾ ਸਿੱਖ ਵਿਦਿਆਰਥੀਆਂ ਉੱਪਰ ਵੀ ਬੁਰਾ ਮਾਨਸਿਕ ਪ੍ਰਭਾਵ ਪਾਵੇਗੀ। ਸਿੱਖਾਂ ਦੀਆਂ ਜ਼ਿੰਮੇਵਾਰ ਅਤੇ ਨੁਮਾਇੰਦਾ ਸੰਸਥਾਵਾਂ ਨੂੰ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਮਸਲੇ ਨੂੰ ਚੁੱਕਣਾ ਚਾਹੀਦਾ ਹੈ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਕਿ ਸਿੱਖ ਬੱਚਿਆਂ ਦੇ ਨਾਲ ਇਮਤਿਹਾਨ ਕੇਂਦਰਾਂ ਦੇ ਬਾਹਰ ਵਿਤਕਰਾ ਕੀਤਾ ਜਾਂਦਾ ਹੋਵੇ। ਸਿੱਖੀ ਪ੍ਰਤੀ ਨਫਰਤ ਵਿੱਚੋਂ ਵਾਪਰਦੀਆਂ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੁੰਦੇ ਵਿਦਿਆਰਥੀਆਂ ਨੂੰ ਦੁਬਾਰਾ ਇਮਤਿਹਾਨ ਦਾ ਸਪੈਸ਼ਲ ਮੌਕਾ ਦਵਾਉਣ ਲਈ ਸਿੱਖ ਸੰਸਥਾਵਾਂ ਨੂੰ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਅਸੀਂ ਰਾਜਸਥਾਨ ਸਰਕਾਰ ਕੋਲੋਂ ਮੰਗ ਕਰਦੇ ਹਾਂ ਕਿ ਜੋ ਅਧਿਕਾਰੀ ਇਸ ਵਿਤਕਰੇ ਲਈ ਜ਼ਿੰਮੇਵਾਰ ਹਨ, ਉਨ੍ਹਾਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਗੁਰਪ੍ਰੀਤ ਕੌਰ ਲਈ ਵਿਕਲਪੀ ਪ੍ਰੀਖਿਆ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਉਸਦਾ ਸਿੱਖਿਆ ਅਧਿਕਾਰ ਪ੍ਰਭਾਵਤ ਨਾ ਹੋਵੇ। ਅਸੀਂ ਗੁਰਪ੍ਰੀਤ ਕੌਰ ਦੀ ਸਿੱਖੀ ਪ੍ਰਤੀ ਸਮਰਪਣ ਨੂੰ ਸਲਾਮ ਕਰਦੇ ਹਾਂ, ਜਿਸਨੇ ਆਪਣੇ ਕੈਰੀਅਰ ਤੋਂ ਉੱਤੇ ਧਰਮ ਨੂੰ ਤਰਜੀਹ ਦਿੱਤੀ ਅਤੇ ਕਕਾਰ ਲਾਹੁਣ ਤੋਂ ਇਨਕਾਰ ਕਰਕੇ ਸਿੱਖ ਪਹਿਚਾਣ ਦੀ ਰਾਖੀ ਕੀਤੀ। ਸਿੱਖ ਕੌਮ ਆਪਣੇ ਕਕਾਰਾਂ 'ਤੇ ਕੋਈ ਸਮਝੌਤਾ ਨਹੀਂ ਕਰੇਗੀ ਅਤੇ ਅਜਿਹੇ ਵਿਤਕਰੇ ਖ਼ਿਲਾਫ਼ ਸਾਡਾ ਸੰਘਰਸ਼ ਜਾਰੀ ਰਹੇਗਾ।

## ਰੋਟਰੀ ਕਲੱਬ ਫਿਰੋਜ਼ਪੁਰ ਨੇ ਮਨਾਇਆ ਕਾਰਗਿਲ ਵਿਜੈ ਦਿਵਸ



**ਫਿਰੋਜ਼ਪੁਰ, 27 ਜੁਲਾਈ (ਮਨੋਹਰ ਲਾਲ)**-ਕਾਰਗਿਲ ਵਿਜੈ ਦਿਵਸ ਜਿਹੜਾ ਕਿ ਹਰ ਸਾਲ 26 ਜੁਲਾਈ ਨੂੰ ਭਾਰਤ ਵਿਚ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ, ਜਿਹੜੇ ਸੰਨ 1999 ਵਿਚ ਪਾਕਿਸਤਾਨ ਦੇਸ਼ ਵੱਲੋਂ ਧੋਖੇ ਨਾਲ ਭਾਰਤ ਦੇਸ਼ ਦੀਆਂ ਕਾਰਗਿਲ ਸਮੇਤ ਕਈ ਚੌਂਕੀਆਂ 'ਤੇ ਕਬਜ਼ਾ ਕਰਨ ਉਪਰੰਤ, ਦੇਸ਼ ਦੇ ਜਵਾਨਾਂ ਵੱਲੋਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਦੁਸ਼ਮਣ ਦੇਸ਼ ਦੇ ਨਾਪਕ ਇਰਾਦਿਆਂ ਨੂੰ ਮਿੱਟੀ

ਆਵਾਜ਼ਿ ਕੌਮ AWAZE QAUM International Newspaper & WEB TV

ਵਿਚ ਮਿਲਾ ਦਿੱਤਾ ਤੇ 26 ਜੁਲਾਈ 1999 ਨੂੰ ਕਾਰਗਿਲ ਸਮੇਤ ਕਈ ਚੌਂਕੀਆਂ ਨੂੰ ਆਜ਼ਾਦ ਕਰਵਾਇਆ ਤੇ ਜਿੱਤ ਦਾ ਝੰਡਾ ਲਿਹਰਾਇਆ। ਇਸ ਜਿੱਤ ਦੀ ਖੁਸ਼ੀ ਵਿਚ ਅੱਜ ਰੋਟਰੀ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਰੋਟੇਰੀਅਨ ਕਿਰਪਾਲ ਸਿੰਘ ਮੱਕੜ ਤੇ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਰਾਕੇਸ਼ ਚਾਵਲਾ ਦੇ ਯਤਨਾਂ ਸਦਕਾ ਹੁਸੈਨੀਵਾਲਾ ਬਾਰਡਰ ਤੇ ਬੀਐੱਸਐੱਫ ਦੇ ਜਵਾਨਾਂ ਨੂੰ ਮਠਿਆਈਆ ਵੰਡੀਆਂ ਨੇ ਸ਼ਹੀਦ ਹੋਏ ਜਵਾਨਾਂ ਨੂੰ ਯਾਦ ਕਰਦਿਆਂ ਸ਼ਰਧਾਜ਼ਲੀਆਂ ਭੇਂਟ ਕੀਤੀਆਂ ਤੇ ਡਿਊਟੀ ਤੇ ਤੈਨਾਤ ਜਵਾਨਾਂ ਦੀ ਹੌਂਸਲਾ ਅਫਜਾਈ ਕੀਤੀ। ਕੰਪਨੀ ਕਮਾਡਰ ਮਹੇਸ਼ ਵਰਮਾ ਨੇ ਰੋਟਰੀ ਟੀਮ ਦੀ ਭਰਪੂਰ ਸ਼ਾਲਾਘਾ ਕੀਤੀ ਤੇ ਧੰਨਵਾਦ ਕੀਤਾ। ਇਸ ਪ੍ਰੋਜੈਕਟ ਵਿਚ ਰੋਟੇਰੀਅਨ ਡਾਕਟਰ ਸੁਰਿੰਦਰ ਸਿੰਘ, ਪ੍ਰਦੀਪ ਬਿੰਦਰਾ, ਰੋਟੇਰੀਅਨ ਸੰਦੀਪ ਸਿੰਗਲਾ, ਰੋਟੇਰੀਅਨ ਦਿਨੇਸ਼ ਕਟਾਰੀਆ ਅਤੇ ਮੁਕੇਸ਼ ਰੋਟੇਰੀਅਨ ਹਾਜ਼ਰ ਸਨ।

### ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਵਿੱਚ ਕਰੀਬ 09 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰੋਜੈਕਟਾਂ ਦੇ ਕੰਮ ਦੀ ਕਰਵਾਈ ਸ਼ੁਰੂਆਤ

# ਖਨੌਰੀ ਤੇ ਮੂਣਕ ਵਿਖੇ ਕਰੀਬ 05 ਕਰੋੜ ਦੀ ਲਾਗਤ ਨਾਲ ਪੀਣ ਲਈ ਨਹਿਰੀ ਪਾਣੀ ਸਪਲਾਈ ਕਰਨ ਵਾਸਤੇ ਪਾਏ ਜਾਣਗੇ ਪਾਈਪ

**ਲਹਿਰਾ/ ਮੂਣਕ ( ਰਣਜੀਤ ਸਿੰਘ ਪੇਧਨੀ )** -ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਲਹਿਰਾ ਵਿਖੇ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ ਤੇ ਇਸ ਹਲਕੇ ਨੂੰ ਨਮੂਨੇ ਦਾ ਹਲਕਾ ਬਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਹਲਕੇ ਵਿੱਚ ਕਰੀਬ 09 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਰੱਖ ਕੇ ਕੰਮਾਂ ਦੀ ਸ਼ੁਰੂਆਤ ਕਰਵਾਉਣ ਮੌਕੇ ਕੀਤਾ। ਕੈਬਨਿਟ ਮੰਤਰੀ ਨੇ ਇਸ ਮੌਕੇ ਪਿੰਡ ਗੁਰਨੇ ਕਲਾਂ ਅਤੇ ਲਹਿਲ ਕਲਾਂ ਦੀਆਂ ਸੜਕਾਂ ਦੀ ਕਰੀਬ 04 ਕਰੋੜ ਰੁਪਏ ਨਾਲ ਕਾਇਆ ਕਲਪ ਕਰਨ ਅਤੇ ਖਨੌਰੀ ਤੇ ਮੂਣਕ ਵਿਖੇ ਕਰੀਬ 05 ਕਰੋੜ ਦੀ ਲਾਗਤ ਨਾਲ ਪੀਣ ਲਈ ਟਰੀਟ ਕੀਤਾ ਨਹਿਰੀ ਪਾਣੀ ਘਰ ਘਰ ਪੁੱਜਦਾ ਕਰਨ ਹਿਤ ਪਾਈਪ ਲਾਈਨਾਂ ਪਾਉਣ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਵਾਈ। ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪਿੰਡ ਗੁਰਨੇ ਕਲਾਂ ਤੋਂ ਲਹਿਰਾ-ਜਾਖਲ ਰੋਡ ਤਕ ਦੀ ਕਰੀਬ 01.5 ਕਿਲੋਮੀਟਰ ਸੜਕ ਨੂੰ ਕਰੀਬ 01 ਕਰੋੜ ਰੁਪਏ ਦੀ ਲਾਗਤ ਨਾਲ 18 ਫੁੱਟ ਕਰ ਕੇ ਕਾਇਆ ਕਲਪ ਕਰਨ ਅਤੇ ਪਿੰਡ ਗੁਰਨੇ ਕਲਾਂ ਤੋਂ ਰੇਲਵੇ ਸਟੇਸ਼ਨ ਤਕ ਦੀ ਸੜਕ ਦੀ ਕਰੀਬ 60 ਲੱਖ ਰੁਪਏ ਦੀ ਲਾਗਤ ਨਾਲ ਕਾਇਆ ਕਲਪ ਕੀਤੇ ਜਾਣ ਦਾ ਕੰਮ ਸ਼ੁਰੂ ਕਰਵਾਇਆ ਹੈ। ਇਸੇ ਤਰ੍ਹਾਂ ਪਿੰਡ ਲਹਿਲ ਕਲਾਂ ਵਿਖੇ ਲਹਿਲ ਕਲਾਂ ਤੋਂ ਭੁਟਾਲ ਖੁਰਦ ਤਕ ਦੀ ਕਰੀਬ 03.5 ਕਿਲੋਮੀਟਰ ਸੜਕ ਦੀ ਕਰੀਬ 01 ਕਰੋੜ 88 ਲੱਖ ਰੁਪਏ ਦੀ ਲਾਗਤ 10 ਫੁੱਟ ਤੋਂ 18 ਫੁੱਟ ਕਰ ਕੇ ਅਪਗਰੇਡੇਸ਼ਨ ਕਰਨ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖ ਕੇ ਕੰਮ ਸ਼ੁਰੂ ਕਰਵਾਇਆ ਹੈ। ਇਸ ਦੇ ਨਾਲ-ਨਾਲ ਕਰੀਬ 60 ਲੱਖ ਰੁਪਏ ਦੀ ਲਾਗਤ ਪਿੰਡ ਲਹਿਲ ਕਲਾਂ ਦੀਆਂ ਹੋਰਨਾਂ ਸੜਕਾਂ ਦੀ ਕਾਇਆ ਕਲਪ ਦੇ ਕੰਮ ਦੀ ਸ਼ੁਰੂਆਤ ਵੀ ਕਰਵਾਈ ਗਈ ਹੈ। ਇਹਨਾਂ ਪ੍ਰੋਜੈਕਟਾਂ ਸਦਕਾ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਪੂਰੀਆਂ ਹੋਈਆਂ ਹਨ। ਇਸ ਮੌਕੇ ਮੀਡੀਆ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਸੰਭਾਵੀ ਹੜ੍ਹਾਂ ਦੀ ਰੋਕਥਾਮ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਦੀ ਤ੍ਰਾਸਦੀ ਹੈ ਕਿ ਪੰਜਾਬ ਦੇ ਦਰਿਆਈ




ਪਾਣੀ ਤਾਂ "ਨਾਨ ਰਿਪੇਰੀਅਨ" ਸੂਬੇ ਵੀ ਵਰਤਦੇ ਹਨ ਤੇ ਹੜ੍ਹਾਂ ਦੀ ਮਾਰ ਕੇਵਲ ਪੰਜਾਬ ਝਲਦਾ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਡੱਟ ਕੇ ਲੜਾਈ ਲੜ ਰਹੀ ਹੈ। ਉਹਨਾਂ ਨੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਇਹ ਵੀ ਗੱਲ ਆਖੀ ਕਿ ਕੇਂਦਰ ਸਰਕਾਰ ਆਪਣੇ ਆਖੇ ਮੁਤਾਬਕ ਸਿੰਧ ਜਲ ਸੰਧੀ ਰੱਦ ਕਰਨ ਦੀ ਗੱਲ ਉੱਤੇ ਕਾਇਮ ਰਹੇ ਅਤੇ ਸਿੰਧ ਜਲ ਸੰਧੀ ਨਾਲ ਸਬੰਧਤ ਦਰਿਆਵਾਂ ਦਾ ਪਾਣੀ ਪੰਜਾਬ ਨੂੰ ਮਿਲੇ ਅਤੇ ਪੰਜਾਬ ਦੀ ਲੋੜ ਪੂਰਤੀ ਉਪਰੰਤ ਵਾਧੂ ਪਾਣੀ ਹਰਿਆਣਾ ਨੂੰ ਦਿੱਤਾ ਜਾਵੇ, ਜਿਸ ਨਾਲ ਦੋਵੇਂ ਸੂਬਿਆਂ ਦੇ ਕਿਸਾਨ ਖੁਸ਼ਹਾਲ ਹੋਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਦਰਿਆਵਾਂ 'ਚ ਪਾਣੀ ਦੇ ਪੱਧਰ ਦੀ ਨਿਗਰਾਨੀ ਲਗਾਤਾਰ ਕੀਤੀ ਜਾ ਰਹੀ ਹੈ। ਹੜ੍ਹਾਂ ਦੀ ਰੋਕਥਾਮ ਹਿਤ ਪੰਜਾਬ ਸਰਕਾਰ ਵੱਲੋਂ ਦਰਿਆਵਾਂ ਦੇ ਕੰਢੇ ਚੌੜੇ ਤੇ ਮਜ਼ਬੂਤ ਕੀਤੇ ਗਏ ਹਨ, ਜਿਸ ਨਾਲ ਇਕ ਤਾਂ ਪਾੜ ਪੈਣ ਦੀ ਸੰਭਾਵਨਾ ਬਹੁਤ ਘੱਟ ਗਈ ਹੈ, ਦੂਜਾ ਜੇਕਰ ਲੋੜ ਪੈਂਦੀ ਹੈ ਤਾਂ ਦਰਿਆਵਾਂ ਦੇ ਕੰਢੇ ਉੱਤੇ ਮਸ਼ੀਨਰੀ ਸੌਖੇ ਤਰੀਕੇ ਨਾਲ ਚੱਲ ਸਕਦੀ ਹੈ। ਪ੍ਰਸ਼ਾਸਨ ਵੱਲੋਂ ਰੇਤੇ ਦੇ ਲੋੜੀਂਦੇ ਗੱਟੇ ਤਿਆਰ ਰੱਖੇ ਗਏ ਹਨ। ਇਸ ਦੇ ਨਾਲ-ਨਾਲ ਲੋਹੇ ਦੇ ਜਾਲਾਂ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ। ਸ਼੍ਰੀ ਗੋਇਲ ਨੇ ਕਿਹਾ ਕਿ ਜਿਵੇਂ ਹੀ ਹੜ੍ਹ ਸਬੰਧੀ ਕੋਈ ਅਲਰਟ ਪ੍ਰਾਪਤ ਹੁੰਦਾ ਹੈ ਤਾਂ ਫੌਰੀ ਹੀ ਸਬੰਧਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਤਬਦੀਲ ਕਰ ਦਿੱਤਾ ਜਾਵੇਗਾ। ਸੂਬੇ ਵਿੱਚ ਵੱਖੋ-ਵੱਖ ਕੰਟਰੋਲ ਰੂਮ ਸਥਾਪਤ ਕੀਤੇ ਜਾ ਚੁੱਕੇ ਹਨ। ਰਾਹਤ ਕੈਂਪਾਂ ਦੀ ਸੂਚੀ, ਕਮਿਊਨੀਕੇਸ਼ਨ ਪਲਾਨ, ਹੌਟ ਸਪੌਟ ਸਥਾਨਾਂ ਦੀ ਸੂਚੀ ਵੀ ਤਿਆਰ ਹੈ। ਖੇਤੀਬਾੜੀ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਲਈ ਹਰਾ ਅਤੇ ਸੁੱਕਾ ਚਾਰੇ ਦਾ ਪ੍ਰਬੰਧ ਕਰਨ ਬਾਰੇ ਕਿਹਾ ਗਿਆ ਹੈ। ਸ਼੍ਰੀ ਗੋਇਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਖੇਤ ਤਕ ਨਹਿਰੀ ਪਾਣੀ ਪੁੱਜਦਾ ਕੀਤੇ ਜਾਣ ਦੇ ਕੀਤੇ ਵਾਅਦੇ ਮੁਤਾਬਕ ਕੀਤੇ ਕੰਮ ਨਾਲ ਕਈ ਖੇਤਾਂ ਨੂੰ ਕਰੀਬ 30 ਸਾਲ ਬਾਅਦ ਨਹਿਰੀ ਪਾਣੀ ਮਿਲਿਆ ਹੈ। ਸੂਬੇ ਦੇ ਨਹਿਰੀ ਸਿਸਟਮ ਦੇ ਵਿਕਾਸ ਹਿਤ "ਆਪ" ਸਰਕਾਰ ਨੇ ਪਿਛਲੇ ਸਾਲਾਂ ਵਿੱਚ ਕਰੀਬ 4500 ਕਰੋੜ ਰੁਪਏ ਦੇ ਕੰਮ ਕਰਵਾਏ ਹਨ ਤੇ ਸੂਬੇ ਦੇ ਨਹਿਰੀ ਪ੍ਰਬੰਧ ਦੇ ਵਿਕਾਸ ਲਈ ਇਸ ਸਾਲ ਕਰੀਬ 3264 ਕਰੋੜ ਰੁਪਏ ਖਰਚੇ ਜਾ ਰਹੇ ਹਨ। ਸ਼੍ਰੀ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਮੌਜੂਦਾ ਸਰਕਾਰ ਬਣਨ ਤਕ ਪੰਜਾਬ ਦੇ ਹਿੱਸੇ ਦਾ ਤੀਜਾ ਹਿੱਸਾ ਪਾਣੀ ਵਰਤਿਆ ਹੀ ਨਹੀਂ ਜਾ ਰਿਹਾ ਸੀ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਨਹਿਰੀ ਪ੍ਰਬੰਧ ਨੂੰ ਠੀਕ ਕਰਨ ਵੱਲ ਧਿਆਨ ਨਹੀਂ ਦਿੱਤਾ ਸੀ। ਪਰ ਮੌਜੂਦਾ ਸਰਕਾਰ ਦੇ ਯਤਨਾਂ ਸਦਕਾ ਨਹਿਰੀ ਪਾਣੀ ਦੀ ਵਰਤੋਂ 62 ਫ਼ੀਸਦ ਤੋਂ 86 ਫ਼ੀਸਦ ਤਕ ਪੁੱਜ ਗਈ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹਲਕੇ ਦੇ ਵੱਡੀ ਗਿਣਤੀ ਪਿੰਡਾਂ ਵਿੱਚ ਨਹਿਰੀ ਪਾਣੀ ਦੀਆਂ ਪਾਈਪ ਲਾਈਨਾਂ ਪਾਉਣ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ, ਜਿਸ ਨਾਲ ਹਲਕੇ ਦੇ ਵੱਡੇ ਖੇਤਰ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ ਅਤੇ ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਨਵੀਂ ਤੇ ਅਗਾਂਹਵਧੂ ਲੈਂਡ ਪੂਲਿੰਗ ਸਕੀਮ ਤਹਿਤ ਜ਼ਮੀਨ ਜਬਰੀ ਐਕੁਆਇਰ ਨਹੀਂ ਹੋਵੇਗੀ, ਜਿਹੜੇ ਜ਼ਮੀਨ ਮਾਲਕ ਆਪਣੀ ਮਰਜ਼ੀ ਨਾਲ ਜ਼ਮੀਨ ਦੇਣਾ ਚਾਹੁੰਦੇ ਹਨ, ਉਹ ਜ਼ਮੀਨ ਦੇਣ, ਜਿਹੜੇ ਜ਼ਮੀਨ ਮਾਲਕ ਜ਼ਮੀਨ ਨਹੀਂ ਦੇਣਾ ਚਾਹੁੰਦੇ, ਉਹ ਜ਼ਮੀਨ ਨਾ ਦੇਣ। ਇਸ ਸਕੀਮ ਦਾ ਸੂਬੇ ਦੇ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਇਸ ਲੈਂਡ ਪੂਲਿੰਗ ਸਕੀਮ ਦਾ ਮੰਤਵ ਕਿਸਾਨਾਂ ਲਈ ਆਮਦਨ ਦੇ ਸਥਾਈ ਸਰੋਤ ਪੈਦਾ ਕਰ ਕੇ ਉਨ੍ਹਾਂ ਨੂੰ ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਵਿੱਚ ਸਰਗਰਮ ਭਾਈਵਾਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜ਼ਮੀਨ ਜਬਰੀ ਐਕੁਆਇਰ ਨਹੀਂ ਕੀਤੀ ਜਾਵੇਗੀ ਅਤੇ ਜਿਹੜੇ ਕਿਸਾਨ ਸਹਿਮਤ ਹੋਣਗੇ, ਉਨ੍ਹਾਂ ਦੀ ਜ਼ਮੀਨ ਹੀ ਇਸ ਨੀਤੀ ਤਹਿਤ ਲਈ ਜਾਵੇਗੀ। ਇਸ ਨੀਤੀ ਤਹਿਤ ਕਿਸਾਨਾਂ ਨੂੰ ਰਿਹਾਇਸ਼ੀ ਤੇ ਕਮਰਸ਼ੀਅਲ ਪਲਾਟ ਮਿਲਣਗੇ। ਇਸ ਦੌਰਾਨ ਪੀ.ਏ. ਰਾਕੇਸ਼ ਕੁਮਾਰ ਗੁਪਤਾ, ਐਸ.ਡੀ.ਓ. ਗੁਰਪੀਤ ਸਿੰਘ, ਚਰਨਜੀਤ ਸ਼ਰਮਾ, ਮਾਸਟਰ ਹਰਪਾਲ ਸਿੰਘ, ਸਰਪੰਚ ਜਸਪਾਲ ਸਿੰਘ ਪਿੰਡ ਲਹਿਲ ਕਲਾਂ, ਗੁਰਪ੍ਰੀਤ ਸਿੰਘ ਰੰਧਾਵਾ, ਸਤੀਸ਼ ਕੁਮਾਰ ਬਲਾਕ ਪ੍ਰਧਾਨ ਮੂਨਕ, ਮਿੱਠੂ ਸੈਣੀ, ਅਰੂਣ ਜਿੰਦਲ, ਰਾਜ ਕੁਮਾਰ ਸੈਣੀ, ਭੋਲਾ ਸਿੰਘ, ਬੱਬੂ ਸਿੰਘ, ਬੱਬੂ ਸਿੰਗਲਾ, ਮੁਖਤਿਆਰ ਸਿੰਘ, ਜਸਵਿੰਦਰ ਸਿੰਘ, ਬੀਰਭਾਨ ਪ੍ਰਧਾਨ ਟਰੱਕ ਯੂਨੀਅਨ ਖਨੌਰੀ ਮੰਡੀ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਜੇ ਸਿੰਗਲਾ, ਵਿਸ਼ਾਲ ਕਾਂਸਲ, ਜੀਤੀ ਸਿੰਘ ਨੰਬਰਦਾਰ, ਮਹਾਵੀਰ ਸ਼ਰਮਾ ਕੌਂਸਲਰ, ਗਿਰਧਾਰੀ ਲਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਖਨੌਰੀ, ਕੁਲਦੀਪ ਸਿੰਘ ਪਨੂੰਆ ਕੌਂਸਲਰ, ਪਵਨ ਕੁਮਾਰ ਕੌਂਸਲਰ, ਜੋਰਾ ਸਿੰਘ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਖਨੌਰੀ, ਬਲਵਿੰਦਰ ਸਿੰਘ ਕੌਂਸਲਰ, ਗੁਰਤੇਜ ਸਿੰਘ ਪਿੰਡ ਗੁਰਨੇ ਕਲਾਂ, ਕੁਲਦੀਪ ਸਿੰਘ ਗੁਰਨੇ, ਮੱਖਣ ਸਿੰਘ ਸਰਪੰਚ ਗੁਰਨੇ ਖੁਰਦ ਅਤੇ ਵੱਡੀ ਗਿਣਤੀ ਪਿੰਡਾਂ ਅਤੇ ਸ਼ਹਿਰਾਂ ਦੇ ਵਾਸੀ ਹਾਜ਼ਰ ਸਨ।

### ਅੱਜ ਦੇ ਯੁਗ ਵਿੱਚ ਵੀ ਇਹ ਮੰਗਣਾ ਲਾਹਨਤ ਨਸ਼ਾ ਸਰਾਫ

# ਆਓ ਰਲ ਮਿਲ ਇਹਨਾਂ ਤੋਂ ਬਚਾਈਏ ਪੰਜਾਬ

**ਫਿਰੋਜ਼ਪੁਰ 27 ਜੁਲਾਈ (ਮਨੋਹਰ ਲਾਲ)**-ਕਹਿੰਦੇ ਹਨ ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ ਇਹ ਬਿਲਕੁਲ ਅਟੱਲ ਸਚਾਈ ਹੈ ਕਿ ਜੋ ਕੁਝ ਵੀ ਅਸੀਂ ਆਪਣੇ ਜੀਵਨ ਵਿੱਚ ਦੇਖ ਰਹੇ ਹਾਂ ਚਾਹੇ ਉਹ ਸਰੀਰਕ ਮਾਨਸਕ ਸਮਾਜਕ ਕੁਰੀਤੀਆਂ ਬਿਮਾਰੀਆਂ ਜਾਂ ਕੋਈ ਹੋਰ ਚੰਗੀਆਂ ਤੇ ਭੈੜੀਆਂ ਲਾਹਣਤਾਂ ਹਨ ਉਹ ਸਾਡੇ ਰੋਜ਼ਾਨਾ ਜੀਵਨ ਨਾਲ ਜੁੜੇ ਹੋਏ ਹਨ ਔਰ ਜਿਨਾ ਸਦਕਾ ਅਸੀਂ ਚੰਗੀਆਂ ਆਦਤਾਂ ਗੁਣਾਂ ਕੰਮਾਂ ਨੂੰ ਆਪਣੇ ਜੀਵਨ ਵਿੱਚ ਇੱਕ ਅਡਿਕੜ ਵਾਂਗ ਬਣਾ ਲੈਂਦੇ ਹਾਂ ਉਸ ਸਾਡੇ ਜੀਵਨ ਨੂੰ ਬਣਾਉਣ ਵਿੱਚ ਸਵਾਰਨ ਵਿੱਚ ਇੱਕ ਚੰਗੇ ਗੁਣਾਂ ਦਾ ਧਾਰਨੀ ਇਨਸਾਨ ਬਣਾਉਣ ਵਿੱਚ ਇੱਕ ਅਹਿਮ ਰੋਲ ਅਦਾ ਕਰਦੀਆਂ ਹਨ ਜਿਨਾ ਸਦਕਾ ਅਸੀਂ ਕਿਸੇ ਦੇ ਜੀਵਨ ਬਾਰੇ ਇਹ ਕਹਿ ਸਕਦੇ ਹਾਂ ਕਿ ਇਹ ਇਕ ਚੰਗਾ ਇਨਸਾਨ ਹੈ ਭਾਵ ਉਹਦੇ ਵਿੱਚ ਇਨਸਾਨੀਅਤ ਹੈ ਤਾਂ ਅਸਲ ਵਿੱਚ ਇਹ ਆਦਤਾਂ ਹੀ ਹਨ ਜੋ ਇਨਸਾਨ ਬਣਾਉਂਦੀਆਂ ਹਨ ਤੇ ਅਸੀਂ ਅਕਸਰ ਸੁਣਦੇ ਹਾਂ ਆਪਣੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਪੜਦੇ ਸੁਣਦੇ ਤੇ ਉਹਨਾਂ ਵਿੱਚ ਉਹਨਾਂ ਦੁਆਰਾ ਅਮਲੀ ਜੀਵ ਅਮਲੀ ਜਾਮਾ ਪਹਿਨਾ ਕੇ ਔਰ ਸਾਨੂੰ ਇੱਕ ਚੰਗਾ ਇਨਸਾਨ ਬਣਾਉਣ ਵਿੱਚ ਬਹੁਤ ਹੀ ਉਸ ਵੇਲੇ ਨਹੀਂ ਅੱਜ ਦੇ ਯੁਗ ਵਿੱਚ ਵੀ ਸੋਨੇ ਤੇ ਸੁਹਾਗਾ ਦਾ ਕੰਮ ਕਰਦੇ ਹਨ ਜਿਵੇਂ ਮਹਾਂਪੁਰਸ਼ ਕਹਿੰਦੇ ਹਨ ਜਬ ਹਮ ਜਗ ਮੇ ਆਏ ਥੇ ਜਗ ਹਸੇ ਹਮ ਰੋਏ ਤੂੰ ਐਸੀ ਕਰਨੀ ਕਰ ਚਲੋ ਹਮ ਹਸ ਜਗ ਰੋਇ ਭਾਵ ਇਹ ਆਦਤਾਂ ਹੀ ਹਨ ਜਿਹੜੀਆਂ ਸਾਨੂੰ ਨਾਮ ਜਪਣ ਮਨ ਵਸ ਕਰ ਸਭ ਕਰਨ ਤੋਂ ਕਾਂਤ ਕਾਹਿ ਕੋ ਮੂਰਖ ਪੜ ਪੜ ਕੋਟਨ ਕੋਟ ਗ੍ਰੰਥ ਭਾਵ ਨਾਨਕ ਲੇਖੇ ਇਕ ਗੱਲ ਹੋਰ ਸਭ ਚੱਖਣਾ ਝਾਖ ਭਾਵ ਚੰਗੀ ਆਤਾ ਚੰਗੇ ਗੁਣ ਚੰਗੇ ਕਰਮ ਹੀ ਇਕ ਚੰਗਾ ਇਨਸਾਨ ਬਣਾਉਣ ਵਿੱਚ ਐਮਰੋਲ ਅਦਾ ਕਰਦੇ ਹਨ ਆਓ ਹੁਣ ਦੂਜੇ ਪਾਸੇ ਧਿਆਨ ਮਾਰੀਏ ਕਿ ਜੇ ਇਹ ਚੰਗੀਆਂ ਆਦਤਾਂ ਚੰਗੇ ਗੁਣਾਂ ਦੇ ਧਾਰਨੀ ਚੰਗੇ ਇਨਸਾਨ ਬਣਾਉਂਦੀਆਂ ਹਨ ਤਾਂ ਦੂਜੇ ਪਾਸੇ ਮਾੜੀਆਂ ਆਤ ਐ ਬ ਕੁਝ ਨੀਤੀਆਂ ਕੰਮ ਜੋ ਅਸੀਂ ਕਰਦੇ ਹਾਂ ਜਿਹੜੇ ਸਾਡੇ ਜੀਵਨ ਵਿੱਚ ਉਹ ਉਹ ਐਬ ਆਦਤਾਂ ਕੰਮ ਜੋ ਸਾਨੂੰ ਇੱਕ ਇਨਸਾਨ ਤੋ ਅਵਾਨ ਬਣਾ ਦਿੰਦੇ ਹਨ ਤੇ ਸਾਡੇ ਲਈ ਹੀ ਨਹੀਂ ਬਲਕਿ ਪਰਿਵਾਰ ਸਮਾਜ ਦੇਸ਼ ਦੁਨੀਆ ਨੂੰ ਵਕਤ ਨੂੰ ਫੜਾ ਦਿੰਦੇ ਹਨ ਤੇ ਸਾਡੇ ਰਹਿਣ ਸਹਿਣ ਖਾਣ ਪੀਣ ਆਦਤਾਂ ਭਾਵ ਸਰੀਰਕ ਮਾਨਸਿਕ ਸਮਾਜਿਕ ਕੁਰੀਤੀਆਂ ਸਾਡੇ ਜੀਵਨ ਦਾ ਇਹਨਾਂ ਆਦਤਾਂ ਸਦਕਾ ਨਿਖੜਵਾਂ ਅੰਗ ਬਣ ਕੇ ਸਾਨੂੰ ਇਕ ਚੰਗੇ ਇਨਸਾਨ ਤੋਂ ਅਵਾਨ ਬਣਾ ਨਾ ਕੇਵਲ ਸਾਡੇ ਘਰ ਵਾਲਿਆਂ ਨੂੰ ਬਲ ਕੇ ਸਮੁੱਚੀ ਮਾਨਵਤਾ ਸਰਕਾਰਾਂ ਨੂੰ ਵਖਤ ਫੜਾ ਦੇਦੀਆ ਹਨ ਜੋ ਅੱਜ ਅਸੀਂ ਵੇਖ ਰਹੇ ਹਾਂ ਕਿ ਸਾਡਾ ਦੇਸ਼ਾਂ ਦੇ ਵਿੱਚ ਦੇਸ਼ ਪੰਜਾਬ ਦੀ ਸਹਿਯੋਗ ਫੁੱਲਾਂ ਵਿੱਚੋਂ ਫੁੱਲ ਗੁਲਾਬੇ ਸ ਹੱਸਦਾ ਵਸਦਾ ਪੰਜਾਬ ਅੱਜ ਅੱਜ ਬਰਬਾਦ ਹੋ ਕੇ ਉਰਦਾ ਪੰਜਾਬ ਦੇਸ਼ਾਂ ਦਾ ਪੰਜਾਬ ਪੰਜਾਂ ਦਰਿਆਵਾਂ ਦਾ ਪੰਜਾਬ ਜਿਸ ਨਾਲ ਅੱਜ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ ਬਣਾ ਕੇ ਨਾ ਕੇਵਲ ਸਾਡੀ ਪਰਿਵਾਰ ਸਮਾਜ ਦੇਸ਼ ਦੁਨੀਆ ਦੀ ਬਦਨਾਮੀ ਕਰਾ ਰਿਹਾ ਹੈ ਔਰ ਖੁਦ ਬਰਬਾਦ ਹੋ ਕੇ ਰਹਿ ਗਿਆ ਹੈ ਇਸੇ ਦਾ ਹੀ ਇੱਕ ਇਹ ਮੰਗਣਾ ਮੰਗਣਾ ਜੋ ਇੱਕ ਲਾਹਨਤ ਹੈ ਉਹ ਵੀ ਇਸ ਲੜੀ ਵਿੱਚ ਜੁੜ ਕੇ ਪੰਜਾਬ ਨੂੰ ਬੰਧਨਾਮੀ ਦਾ ਟਿੱਕਾ ਜੋ ਪੰਜਾਬ ਸਾਰੀ ਦੁਨੀਆ ਨੂੰ ਅੰਡ ਪ੍ਰਦਾਨ ਕਰਦਾ ਹੈ ਉੱਚਾ ਸੁੱਚਾ ਜੀਵਨ ਦੇ ਢੰਗ ਪ੍ਰਦਾਨ ਕਰਦਾ ਹੈ ਰਿਸ਼ੀਆ ਮੁਡੀਆ ਪੀਰਾਂ ਪੈਗੰਬਰਾਂ ਦਾ ਪੈਗਾਮ ਇਨਸਾਨੀਅਤ ਦਾ ਜਨਮ ਦਿਨ ਮਾਤਰਾ ਤੋਂ ਦੇ ਰਿਹਾ ਹੈ ਅੱਜ ਹਰ ਪਾਸੇ ਬਦਨਾਮ ਹੋ ਕੇ ਰਹਿ ਗਿਆ ਹੈ ਜੋ ਇਹ ਮੰਗਣਾ ਨਸ਼ਾ ਕਰਨਾ ਦੂਜੀ ਵੀ ਜਿੰਨੀਆਂ ਵੀ ਬਿਮਾਰੀਆਂ ਸਰੀਰਕ ਮਾਨਸਿਕ ਸਮਾਜਿਕ ਹਨ ਉਹਨਾਂ ਨੂੰ ਬੜਾਵਾ ਦੇ ਰਹੇ ਹਨ ਔਰ ਅੱਜ ਸਾਡਾ ਪੰਜਾਬ ਉੜਤਾ ਪੰਜਾਬ ਉਡਦਾ ਪੰਜਾਬ ਇਹਨਾਂ ਨਸ਼ਿਆਂ ਨੇ ਬਣਾ ਦਿੱਤਾ ਹੈ ਜੋ ਸਾਡੀਆਂ ਬਜ਼ੁਰਗਾਂ ਦੀਆਂ ਬੇਰ ਤਾਂ ਸਦਕਾ ਦੇ ਚੰਗੇ ਗੁਣਾ ਸਦਕਾ ਉਹਨਾਂ ਦੇ ਕੀਤੇ ਹੋਏ ਕੰਮਾਂ ਸਦਕਾ ਜੋ ਕਹਿੰਦੇ ਸਨ ਉਹ ਕਰਦੇ ਸਨ ਤੇ ਉਹਨਾਂ ਦੀ ਕਥਨੀ ਵਿੱਚੋਂ ਸਾਫ ਨਜ਼ਰ ਆਉਂਦੇ ਆਏ ਆ ਰਹੇ ਹਨ ਕਿ ਮੰਗਣ ਗਿਆ ਸੋ ਮਰ ਰਿਹਾ ਮੰਗਣ ਮੂਲ ਨਾ ਜਾ ਨਸ਼ੇ ਕੁਲ ਜਹਾਨ ਦੇ ਉਤਰ ਜਾਣ ਪਰ ਬਾਤ ਨਾਮ ਖੁਮਾਰੀ ਨਾਨਕਾ ਚੜੇ ਰਹੇ ਦਿਨ ਰਾਤ ਗਾਂਜਾ ਭੰਗ ਸ਼ਰਾਬ ਉਤਰ ਜਾਣ ਪਰਭਾਤ ਨਾਮ ਮਾਰੇ ਨਾਨਕਾ ਚੜੀ ਰਹਿ ਦਿਨ ਰਾਤ ਜੋ ਉਹਨਾਂ ਦੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਇਹਨਾਂ ਗੁਣਾਂ ਨੂੰ ਖੁਦ ਧਾਰਨ ਕਰ ਤੇ ਦੂਜੀਆਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦੀ ਦੇ ਹੋਏ ਇਸ ਪੰਜਾਬ ਨੂੰ ਇੱਕ ਅਨੋਖੀ ਸ਼ਾਨ ਪ੍ਰਦਾਨ ਕਰਕੇ ਸਾਨੂੰ ਗੁਰੂ ਗ੍ਰੰਥ ਸਾਹਿਬ ਜਿਸ ਵਿੱਚ ਇਹ ਸਾਰੇ ਗੁਣ ਅੰਕਤ ਹਨ ਜਿਵੇਂ ਕਹਿੰਦੇ ਹਨ ਗੁਰੂ ਬਾਣੀ ਬਾਣੀ ਗੁਰੂ ਵਿੱਚ ਬਾਣੀ ਅੰਮ੍ਰਿਤ ਸਾਰੇ ਗੁਰਬਾਣੀ ਕਹੇ ਸੇਵਕ ਜਨ ਮਾਨੇ ਪ੍ਰਤਖ ਗੁਰੂ ਨਿਸਤਾਰੇ ਅੱਜ ਵੀ ਅਸੀਂ ਨਾਨਕ ਲੇਖੇ ਇਕ ਗੱਲ ਹੋਰ ਸਭ ਚੱਖਣਾ ਝਾਖ ਇਕ ਗੱਲ ਪੱਲੇ ਬੰਨ ਕੇ ਉਸ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਕੇ ਆਪਣੇ ਆਪ ਤੇ ਲਾਗੂ ਕਰ ਪਰਿਵਾਰ ਸਮਾਜ ਦੇਸ਼ ਦੁਨੀਆ ਨੂੰ ਇਕ ਚੰਗਾ ਮਾਰਗ ਦਰਸ਼ਨ ਪ੍ਰਣਾਮ ਕਰਦੇ ਆ ਰਹੇ ਹਾਂ ਜੋ ਹੁਣ ਇਨਾ ਮੰਗਣਾ ਨਸ਼ਿਆਂ ਧਾਰਮਿਕ ਕੱਟੜਪੰਤਾ ਫ਼ੀ ਰਿਸ਼ਵਤਖੋਰੀ ਮਿਲਾਵਟ ਖੋਰੀ ਕੁੰਡਾਂ ਫਰਵਰੀ ਤੇ ਹੋਰ ਕੀ ਕੀ ਲਿਖ ਜੋ ਇਨਸਾਨ ਤੋਂ ਗਿਰੇ ਹੋਏ ਜੋ ਕਹੇ ਸੁਣੇ ਦ ਜਾ ਸਕਦੇ ਉਹ ਵੀ ਅੱਜ ਪੰਜਾਬ ਵਿੱਚ ਗਊ ਗਰੀਬ ਇਸਤਰੀ ਬੱਚਿਓ ਤੇ ਇਨਸਾਨਾਂ ਤੇ ਇਸ ਧਰਮ ਜਾਤ ਪਾਤ ਊਚ ਨੀਚ ਇਸ ਰਿਸ਼ਵਤ ਖੋਰੀ ਬਲਾ ਪਰਵਰੀ ਕੁਲਬਾ ਪਰਵਰੀ ਪਰਵਰੀ ਭਾਵ ਜੋ ਵੀ ਇਨਸਾਨੀਅਤ ਤੋਂ ਗਿਰੇ ਹੋਏ ਕੰਮ ਜੋ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਭਾਵ ਸਾਡੀ ਆਦਤ ਬਣ ਸਾਨੂੰ ਸਾਡੇ ਪਰਿਵਾਰ ਸਮਾਜ ਦੇਸ਼ ਨੂੰ ਦੁਨੀਆਂ ਵਿੱਚ ਬਰਬਾਦ ਕਰ ਕੇ ਰੱਖ ਦਿੱਤਾ ਹੈ ਕਾਲੀਦਾਸ ਮਨੁੱਖ ਦਾ ਵਿਗੜਿਆ ਕੀ ਸੌਰ ਗਿਆ ਜਦੋਂ ਬੜੇ ਵਿਚਾਰ ਕਰ ਲਈ ਤਾਂ ਅੱਜ ਸਾਡੀ ਸਰਕਾਰ ਵੱਲੋਂ ਬੜੇ ਲੰਬੇ ਅਰਸੇ ਬਾਅਦ ਕਿਤੇ ਦਿਲ ਦਿਮਾਗ ਵਿੱਚ ਜਾਓ ਪਿੱਛੇ ਕੋਈ ਸਾਡੇਮਹਾਂਪੁਰਸ਼ਾਂ ਦੀ ਬਖਸ਼ਿਸ਼ ਸਦਕਾ ਕੋਈ ਚੰਗੀ ਸੋਚ ਵਿਚਾਰ ਵਾਲੇ ਇਨਸਾਨ ਇਸ ਸਵਾਲ ਧਿਆਨ ਦੇ ਕੇ ਸਾਡੀਆਂ ਸਰਕਾਰਾਂ ਵੀ ਇਹ ਜੋ ਭੈੜੀਆਂ ਆਦਤਾਂ ਵਿਚਾਰ ਕੰਮ ਜੋ ਸਾਡੇ ਲਈ ਪਰਿਵਾਰ ਸਮਾਜ ਦੇਸ਼ ਸਰਕਾਰਾਂ ਲਈ ਬਸੀ ਰਹਿ ਗਏ ਹਨ ਤੇ ਲਾ ਡਰ ਤਾ ਜਾ ਰਿਹਾ ਹੈ ਉਹ ਸਾਡੀ ਇਹਦੀਆਂ ਮਾੜੀਆਂ ਆਦਤਾਂ ਕਰਤੂਤਾਂ ਕਰਕੇ ਇਹ ਸਭ ਕੁਝ ਕਹਿੰਦੇ ਹਾਲ ਕਹਿੰਦੇ ਹਨ ਮੰਦਰ ਢਾ ਦੇ ਮਸਜਿਦ ਢਾ ਦੇ ਢਾ ਦੇ ਜੋ ਕੁਝ ਜਾਏ ਇੱਕ ਨਾ ਢਾਈ ਬੰਦੇ ਦਾ ਦਿਲ ਖੁਦਾ ਇਸ ਵਿੱਚ ਰਹਿੰਦਾ ਜੇ ਇਹਨੂੰ ਅਸੀਂ ਅੱਜ ਵੀ ਆਪਣੇ ਜੀਵਨ ਵਿੱਚ ਧਾਰਨ ਕਰਕੇ ਇਹਨਾਂ ਮਾੜੀਆਂ ਆਦਤਾਂ ਛੱਡ ਚੰਗੀਆਂ ਆਦਤਾਂ ਧਾਰਨ ਕਰ ਇਕ ਪਰਨ ਕਰ ਲਈਏ ਕਿ ਅਸੀਂ ਆਪਣੇ ਜੀਵਨ ਵਿੱਚ ਨਾ ਕੋਈ ਮਾੜਾ ਮਾੜਾ ਕੰਮ ਆਦਤ ਕਰੀਤੀ ਐਬ ਆਪਣੇ ਆਪ ਨੂੰ ਲਾਵਾਂਗੇ ਤੇ ਨਾ ਹੀ ਅਸੀਂ ਆਪਣੇ ਪਰਿਵਾਰ ਵਿੱਚ ਆਪਣੇ ਬੱਚਿਆਂ ਨੂੰ ਇਸ ਖਾ ਸਕਦੇ ਗਿਆ ਸਮਝੋ ਅੱਜ ਹੀ ਸਾਡਾ ਸਮਾਜ ਦੇਸ਼ ਦੁਨੀਆ ਸਵਰਗ ਬਣ ਕੇ ਇੱਕ ਚੰਗੇ ਜਿਵੇਂ ਕਹਿੰਦੇ ਕਿ ਜੋ ਲੋਕ ਦੇਸ਼ ਕੌਮ ਧਰਮ ਲਈ ਮਰਦੇ ਹਨ ਸਰੀਰ ਹੁੰਦੇ ਹਨ ਕੁਰਬਾਨ ਹੁੰਦੇ ਹਨ ਉਹਨਾਂ ਨੂੰ ਅਸੀਂ ਸ਼ਹੀਦ ਕਹਿੰਦੇ ਹੋ ਤੇ ਜੋ ਉਹਨਾਂ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਦੇਸ਼ ਦੁਨੀਆ ਬਣਾਉਂਦੇ ਹਨ ਉਹਨਾਂ ਨੂੰ ਪਰਮ ਸ਼ਹੀਦ ਕਿਹਾ ਜਾਂਦਾ ਹੈ ਉਹ ਕੋਈ ਉਤੋਂ ਆਕਾਸ਼ ਤੋਂ ਲਈ ਉਤਰਦੇ ਇਸੇ ਧਰਤੀ ਤੋਂ ਹੀ ਉਹਨਾਂ ਮਹਾਂਪੁਰਸ਼ਾਂ ਦੀ ਅਪਰੰ ਪਾਰ ਕਿਰਪਾ ਇਕ ਦੇ ਕਈ ਦੂਜੇ ਦੇ ਬਾਡੀ ਦੋਨੋ ਹੀ ਬ੍ਰਹਮ ਗਿਆਨੀ ਭਾਵ ਸਾਡੇ ਵਿਰਸੇ ਵਿੱਚ ਸੰਸਕ੍ਰਿਤੀ ਵਿੱਚ ਪਿਛੋਕੜ ਵਿੱਚ ਇਹੀ ਸਾਨੂੰ ਸ਼ਿਕਸ਼ਾ ਮਿਲਦੀ ਹੈ ਕਿ ਜੋ ਆਪਣੀ ਜਗੂ ਦੀ ਜਦਾਤਾ ਤੇ ਮਾਂ ਬੋਲੀ ਨੂੰ ਭੁੱਲ ਕੇ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਜਾਂਦੇ ਹਨ ਉਹ ਖਤਮ ਹੋ ਜਾਂਦੀ ਹ ਜੋ ਵੱਡਾ ਦੇ ਪਾਏ ਪੂਰਨਿਆਂ ਤੇ ਚਲਦੀਆਂ ਹਨ ਉਹ ਹਮੇਸ਼ਾ ਹੀ ਅਮਰ ਸੀ ਅਮਰ ਹੈ ਤੇ ਰਹਿ ਨਹੀਂ ਗਿਆ ਆਓ ਅੱਜ ਆਪਾਂ ਸਾਰਾ ਪੰਜਾਬ ਦੇ ਬਲਕਿ ਭਾਰਤ ਇਥੋਂ ਵੀ ਅੱਗੇ ਵਧ ਕੇ ਦੁਨੀਆਂ ਨੂੰ ਇੱਕ ਚੰਗੇ ਮਾਰਗਦਰਸ਼ਨ ਤੇ ਲਿਜਾ ਚੰ ਸਮਾਜ ਦੇਸ਼ ਦੁਨੀਆ ਦੀ ਸਿਰਜਣਾ ਕਰ ਪੰਜਾਬ ਦਾ ਨਾਂ ਜੋ ਪਹਿਲਾਂ ਸਾਰੀ ਦੁਨੀਆ ਵਿੱਚ ਬੜੀ ਸ਼ਾਨ ਆਉਣ ਨਾਲ ਲਿਆ ਜਾਂਦਾ ਸੀ ਫਿਰ ਉਸ ਨੂੰ ਬਹਾਲ ਕਰੀਏ ਇਹ ਕੋਈ ਅਜੋਕੀ ਲਈ ਬਲਕਿ ਅੱਜ ਦੇ ਯੁਗ ਵਿੱਚ ਵੀ ਕਾਲੀ ਦਾਸ ਮਨੁੱਖ ਦਾ ਵਿਗੜਿਆ ਸੀ ਔਰ ਕਿਹਾ ਜਦੋਂ ਮੁੜੋ ਵਿਚਾਰ ਕਰ ਲਈ ਭਾਵ ਇਹਦਾ ਨਸ਼ਿਆ ਮੰਗਣਾ ਤੇ ਦੂਜੀ ਭੈੜੀਆਂ ਆਦਤਾਂ ਛੱਡ ਚਗੀਓ ਆਦਤਾਂ ਧਾਰਨ ਕਰ ਖੁਦਸੁਧਰੋ ਪਰਿਵਾਰ ਸਮਾਜ ਦੇਸ਼ ਦੁਨੀਆ ਖੁਦ ਬ ਖੁਦ ਸੁਧਰ ਜਾਏਗੀ ।



**ਪੀਸੀ ਕੁਮਾਰ ਉਘੇ ਸਮਾਜ ਸੇਵਕ ਸਧਾਰ ਕ ਸੀਨੀਅਰ ਸਿਟੀਜਨ ਭਾਰਤ ਦੇ ਵਫਾਦਾਰ ਨਾਗਰਿਕ ਜਨਤਾ ਦੇ ਸੇਵਕ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਪੰਜਾਬ**

### ਇੰਡੀਅਨ ਐਕਸ ਸਰਵਿਸਮੈਨ ਲੀਗ ਦੀ ਅਹਿਮ ਮੀਟਿੰਗ ਸੰਪੰਨ

# ਸੈਨਿਕ ਰੈਸਟ ਹਾਊਸ ਫਿਰੋਜ਼ਪੁਰ ਛਾਉਣੀ ਵਿਖੇ ਖੁੱਲੇਗਾ ਲੀਗ ਦਾ ਨਵਾਂ ਦਫਤਰ



**ਫਿਰੋਜ਼ਪੁਰ 27 ਜੁਲਾਈ (ਮਨੋਹਰ ਲਾਲ)**-ਇੰਡੀਅਨ ਐਕਸ ਸਰਵਿਸਮੈਨ ਲੀਗ ਦੀ ਇੱਕ ਮਹੱਤਵਪੂਰਨ ਮੀਟਿੰਗ ਅੱਜ, 27 ਜੁਲਾਈ 2025 ਦਿਨ ਐਤਵਾਰ ਨੂੰ ਸਵੇਰੇ 10 ਵਜੇ ਐਕਸਿਸ ਬੈਂਕ ਦੇ ਸਾਹਮਣੇ ਸਥਿਤ ਰਸ਼ਪਾਲ ਸਾਬ ਦੇ ਨਵੇਂ ਰੈਸਟੋਰੈਂਟ ਵਿੱਚ ਜ਼ਿਲ੍ਹਾ ਪ੍ਰਧਾਨ ਕੈਪਟਨ ਜਾਗੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਸ਼ੁਰੂਆਤ ਵਿੱਚ, ਲੀਗ ਦੇ ਸੰਵਿਧਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ, ਤਾਂ ਜੋ ਸਾਰੇ ਮੈਂਬਰ ਇਸਦੇ ਨਿਯਮਾਂ ਅਤੇ ਕਾਰਜ ਪ੍ਰਣਾਲੀ ਤੋਂ ਜਾਣੂ ਹੋ ਸਕਣ। ਇਸ ਤੋਂ ਬਾਅਦ, ਇੱਕ ਬਹੁਤ ਹੀ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ ਕਿ ਫਿਰੋਜ਼ਪੁਰ ਛਾਉਣੀ ਦੇ ਸੈਨਿਕ ਰੈਸਟ ਹਾਊਸ ਵਿੱਚ ਲੀਗ ਦਾ ਇੱਕ ਨਵਾਂ ਦਫ਼ਤਰ ਖੋਲ੍ਹਿਆ ਜਾ ਰਿਹਾ ਹੈ। ਇਸ ਦਫ਼ਤਰ ਦੇ ਖੁੱਲ੍ਹਣ ਨਾਲ ਸਾਬਕਾ ਸੈਨਿਕਾਂ ਨੂੰ ਆਪਣੀਆਂ ਸਮੱਸਿਆਵਾਂ ਅਤੇ ਸੁਝਾਅ ਸਾਂਝੇ ਕਰਨ ਲਈ ਇੱਕ ਨਿਸ਼ਚਿਤ ਸਥਾਨ ਮਿਲੇਗਾ।ਮੀਟਿੰਗ ਵਿੱਚ ਹਾਜ਼ਰ ਸਾਰੇ ਸਾਬਕਾ ਸੈਨਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਭਵਿੱਖ ਦੀਆਂ ਮੀਟਿੰਗਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਤਾਂ ਜੋ ਲੀਗ ਦੇ ਕਾਰਜਾਂ ਨੂੰ ਹੋਰ ਮਜ਼ਬੂਤੀ ਮਿਲ ਸਕੇ। ਇਸ ਮੌਕੇ ਕੈਪਟਨ ਬਗੀਚਾ ਸਿੰਘ, ਸੂਬੇਦਾਰ ਜਾਗੀਰ ਸਿੰਘ, ਸੂਬੇਦਾਰ ਰਸ਼ਪਾਲ ਸਿੰਘ, ਸੂਬੇਦਾਰ ਬਖਸ਼ੀਸ਼ ਸਿੰਘ, ਸੂਬੇਦਾਰ ਬਲਵਿੰਦਰ ਸਿੰਘ, ਹੌਲਦਾਰ ਪ੍ਰੀਤ ਚੰਦ, ਹੌਲਦਾਰ ਸੁਖਦੇਵ ਸਿੰਘ, ਹੌਲਦਾਰ ਗੁਰਮੇਲ ਸਿੰਘ, ਹੌਲਦਾਰ ਪਵਨ ਕੁਮਾਰ, ਨਾਇਬ ਸੂਬੇਦਾਰ ਸੁਖਦੇਵ ਸਿੰਘ, ਨਾਇਕ ਗੁਰਚਰਨ ਸਿੰਘ ਅਤੇ ਜਨਰਲ ਸਕੱਤਰ ਹੌਲਦਾਰ ਰਤਨ ਸਿੰਘ ਸਮੇਤ ਕਈ ਪਤਵੰਤੇ ਸਾਬਕਾ ਸੈਨਿਕ ਹਾਜ਼ਰ ਸਨ ਅੰਤ ਵਿੱਚ, ਜ਼ਿਲ੍ਹਾ ਪ੍ਰਧਾਨ ਕੈਪਟਨ ਜਾਗੀਰ ਸਿੰਘ ਨੇ ਮੀਟਿੰਗ ਵਿੱਚ ਪਹੁੰਚੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦਾ 'ਜੀ ਆਇਆਂ' ਆਖਿਆ। ਮੀਟਿੰਗ ਦੀ ਸਮਾਪਤੀ ਜੈਕਾਰਾ ਲਗਾ ਕੇ ਕੀਤੀ ਗਈ, ਜਿਸ ਨਾਲ ਪੂਰਾ ਮਾਹੌਲ ਜੋਸ਼ ਅਤੇ ਦੇਸ਼ ਭਗਤੀ ਨਾਲ ਭਰ ਗਿਆ।

# ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਤੁੱਕ ਤੱਕ ਵਾਲੇ ਮਹਾਂਸੰਪਟ ਸਾਹਿਬ ਜੀ ਦੇ ਪਾਠਾਂ ਦੇ ਭੋਗ 5 ਅਗਸਤ ਨੂੰ: ਸੰਤ ਬਾਬਾ ਸੁੱਚਾ ਸਿੰਘ ਜੀ




**ਫਿਰੋਜ਼ਪੁਰ 27 ਜੁਲਾਈ (ਮਨੋਹਰ ਲਾਲ)**-ਦੇਸ਼ ਵਿਦੇਸ਼ ਵਿਚ ਪ੍ਰਸਿੱਧ ਸੰਪਰਦਾਇ ਨਾਨਕਸਰ ਜਿਥੇ ਦੇਸ਼ਾਂ ਵਿਦੇਸ਼ਾ ਵਿਚ ਠਾਠਾ ਬਣਹੀਟਾਂ ਹਨ ਅਤੇ ਕਈ ਨਗਰਾਂ ਵਿਚ ਇਕਾਂਤ ਵਿਚ ਠਾਠਾ ਬਣੀਆਂ ਹਨ, ਜਿਥੇ ਪ੍ਰਸਾਦਾ ਬਾਹਰੋਂ ਪੱਕ ਕੇ ਆਉਂਦਾ ਹੈ ਅਤੇ ਇਥੇ ਰਾਤ ਦਿਨ ਭਗਤੀ ਭਾਵ ਚੱਲਦਾ ਹੈ ਅਤੇ ਜਿਥੇ ਵੀ ਠਾਠਾ ਬਣੀਆਂ ਹਨ, ਭਗਤੀ ਦਾ ਘਰ ਹੈ, ਇਥੇ ਕੋਈ ਵੀ ਸ਼ਰਧਾ ਸੁੱਖ ਲਓ ਪੂਰੀ ਹੁੰਦੀ ਹੈ। ਇਸ ਕੜੀ ਤਹਿਤ ਗੁਰਦੁਅਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖ ਵੀ ਰਾਤ ਦਿਨ ਪਾਠ ਚੱਲਦੇ ਰਹਿੰਦੇ ਹਨ, ਇਥੋਂ ਦੇ ਮਹਾਂਪੁਰਖ ਸਤਿਕਾਰਯੋਗ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਕੜੀ ਤਪੱਸਿਆ ਕਰਕੇ ਇਸ ਅਸਥਾਨ ਨੂੰ ਆਬਾਦ ਕੀਤਾ। ਇਥੇ ਪਹਿਲਾ ਜੰਗਲ ਹੋਇਆ ਕਰਦਾ ਸੀ ਅਤੇ ਇਕ ਖੂਹ ਹੁੰਦਾ ਸੀ, ਜਿਥੇ ਬਾਬਾ ਜੀ ਭੁੱਜੇ ਆਸਨ ਲਾ ਕੇ ਰਹਿੰਦੇ ਸੀ ਅਤੇ ਸੱਪ, ਡੱਡੂ ਅਤੇ ਹੋਰ ਜਾਨਵਰ ਵਿਚ ਹੀ ਰਹਿੰਦੇ ਸੀ ਅਤੇ ਫਿਰ ਮਹਾਂਪੁਰਸ਼ਾਂ ਨੇ ਇਕ ਕੱਚਾ ਕੋਠਾ ਬਣਾਇਆ, ਜਿਥੇ ਇਨ੍ਹਾਂ ਨੇ ਗੁਰੂ ਸਾਹਿਬ ਰੱਖਿਆ, ਬਾਬਾ ਜੀ ਦੇ ਸਤਿਕਾਰ ਯੋਗ ਮਾਤਾ ਜੀ ਹਰ ਰੋਜ਼ ਮਹਾਂਪੁਰਖਾਂ ਲਈ ਰੋਟੀ ਲੈ ਕੇ ਆਉਂਦੇ ਸੀ ਅਤੇ ਉਨ੍ਹਾਂ ਦੇ ਮਨ ਵਿਚ ਹਮੇਸ਼ਾ ਇਹੀ ਗੱਲ ਰਹਿੰਦੀ ਸੀ ਕਿ ਮੈਂ ਪਰਲੋਕ ਸਿਧਾਰ ਗਈ ਤਾਂ ਮੇਰੇ ਪੁੱਤਰ ਨੂੰ ਰੋਟੀ ਕੋਣ ਦੇਵੇਗਾ, ਪਰ ਮਾਤਾ ਜੀ ਨੂੰ ਇਹ ਨਹੀਂ ਪਤਾ ਸੀ ਕਿ ਅੱਜ ਤੁਹਾਡਾ ਪੁੱਤਰ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ ਰੋਟੀ ਦਿੰਦਾ ਹੈ। ਇਥੋਂ ਕੋਈ ਵੀ ਭੁੱਖਾ ਨਹੀਂ ਜਾਂਦਾ ਅਤੇ ਲੱਖ ਦੇ ਕਰੀਬ ਬੱਚਿਆਂ ਦੀ ਸਾਂਭ ਸੰਭਾਲ ਕੀਤੀ ਅਤੇ ਉਨ੍ਹਾਂ ਨੂੰ ਧਾਰਮਿਕ ਵਿੱਦਿਆ ਦੇ ਕੇ ਰੋਟੀ ਸਿਰ ਬਣਾਇਆ ਅਤ ਹਰ ਲੋੜਵੰਦ ਪਰਿਵਾਰ ਦੀ ਹਮੇਸ਼ਾ ਮੱਦਦ ਕਰਦੇ ਸਨ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਕ੍ਰਿਪਾ ਨਾਲ ਇਸ ਅਸਥਾਨ ਨੂੰ ਭਾਗ ਲੱਗ ਗਏ, ਜਿਥੇ ਰਾਤ ਦਿਨ ਕੀਰਤਲ ਸਤਿਸੰਗ ਹੁੰਦਾ ਹੈ, ਇਹ ਸਭ ਕਿਰਪਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੋਈ ਹੈ। ਧੰਨ ਧੰਨ ਬਾਬਾ ਨੰਦ ਸਿੰਘ ਜੀ, ਧੰਨ ਧੰਨ ਬਾਬਾ ਕੁੰਦਨ ਸਿੰਘ ਜੀ, ਧੰਨ ਧੰਨ ਬਾਬਾ ਈਸਰ ਸਿੰਘ ਜੀ ਦੀ ਹੋਈ ਹੈ। ਜਿਨ੍ਹਾਂ ਸਦਕਾ ਮਹਾਸੰਪਟ ਹੁੰਦੇ ਹਨ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਜੋ ਕਿ ਖੁਦ 20 ਦਿਨ ਤੱਕ ਭੋਰਾ ਸਾਹਿਬ ਵਿਚ ਬੈਠ ਕੇ ਕਠਿਨ ਤਪੱਸਿਆ ਕਰ ਰਹੇ ਹਨ। ਬਾਬਾ ਜੀ ਦੇ ਸੇਵਾਦਾਰ ਭਾਈ ਜਸਵੀਰ ਸਿੰਘ ਜੱਸ ਨੇ ਦੱਸਿਆ ਕਿ ਮਹਾਂ ਸੰਪਟ ਸਾਹਿਬ ਜੀ ਦੇ ਭੋਗ 5 ਅਗਸਤ ਨੂੰ ਸਵੇਰੇ ਪਾਏ ਜਾਣਗੇ, ਫਿਰ ਬਾਬਾ ਜੀ ਦੇ ਬਾਹਰ ਸੰਗਤਾਂ ਦੇ ਦਰਸ਼ਨ ਕਰਨਗੇ।

# ਭਾਈ ਮਰਦਾਨਾ ਸੋਸਾਇਟੀ ਦੇ ਫਾਊਂਡਰ ਸ ਹਰਪਾਲ ਸਿੰਘ ਭੁੱਲਰ ਜੀ ਦੀ ਬਰਸੀ 20 ਅਗਸਤ ਨੂੰ ਮਨਾਈ ਜਾਵੇਗੀ




**ਫਿਰੋਜ਼ਪੁਰ 27 ਜੁਲਾਈ (ਮਨੋਹਰ ਲਾਲ)**-ਅੱਜ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੀ ਇੱਕ ਵਿਸ਼ੇਸ਼ ਇਕੱਤਰਤਾ ਭਾਈ ਮਰਦਾਨਾ ਜੀ ਯਾਦਗਾਰੀ ਹਾਲ ਵਿਖੇ ਹੋਈ। ਇਸ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਕਿ ਭਾਈ ਮਰਦਾਨਾ ਸੋਸਾਇਟੀ ਦੇ ਫਾਊਂਡਰ ਸਵਰਗੀ ਸਰਦਾਰ ਹਰਪਾਲ ਸਿੰਘ ਭੁੱਲਰ ਜੀ ਦੀ ਪਹਿਲੀ ਬਰਸੀ 20 ਅਗਸਤ ਨੂੰ ਮਨਾਈ ਜਾਵੇਗੀ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਅੱਜ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ 20 ਅਗਸਤ ਨੂੰ 11 ਵਜੇ ਤੋਂ ਲੈ ਕੇ 2 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ। ਇਸ ਬਰਸੀ ਸਮਾਗਮ ਵਿੱਚ ਰਾਗੀ ਜਥੇ,ਕਥਾਵਾਚਕ ਅਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਕੀਰਤਨ ਅਤੇ ਵਿਚਾਰਾਂ ਨਾਲ ਨਿਹਾਲ ਕਰਨਗੇ। ਜਿਹਨਾ ਵਿਚ ਭਾਈ ਗੁਰਦੀਪ ਸਿੰਘ ਅਬੋਹਰ ਵਾਲੇ, ਕਥਾ ਵਾਚਕ ਭਾਈ ਗੁਰਸ਼ਰਨਜੀਤ ਸਿੰਘ ਖਾਲਸਾ, ਭਾਈ ਕਮਲਜੀਤ ਸਿੰਘ ਅਤੇ ਭਾਈ ਸੰਨਦੀਪ ਸਿੰਘ ਖਾਈ ਵਾਲੇ ਕੀਰਤਨ ਦੀ ਹਾਜਰੀ ਭਰਣਗੇ। ਸਵਰਗੀ ਸਰਦਾਰ ਹਰਪਾਲ ਸਿੰਘ ਭੁੱਲਰ ਜੀ ਦੀ ਯਾਦ ਵਿੱਚ 20 ਅਗਸਤ ਨੂੰ ਮੈਡੀਕਲ ਚੈਕਅਪ ਕੈਂਪ ਵੀ ਲਗਾਇਆ ਜਾਵੇਗਾ ਜਿਸ ਵਿੱਚ ਮਰੀਜ਼ਾਂ ਦਾ ਚੈੱਕ ਅਪ ਅਤੇ ਫਰੀ ਦਵਾਈ ਦਿੱਤੀ ਜਾਵੇਗੀ। ਜਗਜੀਤ ਸਿੰਘ ਭੁੱਲਰ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਇਹ ਬਰਸੀ ਸਮਾਗਮ ਵਿੱਚ ਵੱਧ ਤੋਂ ਵੱਧ ਸੰਗਤਾਂ ਹਾਜ਼ਰੀ ਭਰਨ। ਇਸ ਮੌਕੇ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਇਸ ਮੋਕੇ ਦਰਸ਼ਨ ਲਾਲ ਹੀਰਾ ਮਨੋਹਰ ਲਾਲ ਹਰਜੀਤ ਸਿੰਘ ਧਾਲੀਵਾਲ, ਗੁਰਦਿਆਲ ਸਿੰਘ ਵਿਰਕ ਰਾਜੇਸ਼ ਕੁਮਾਰ ਇੰਦਰਪਾਲ ਸਿੰਘ ਪ੍ਰਿੰਸ ਨਿਰਮਲ ਸਿੰਘ ਰਣਬੀਰ ਸਿੰਘ ਰਾਣਾ ਪਰਮਜੀਤ ਸਿੰ ਔਲਖ ਗੁਰਮੀਤ ਸਿੰਘ ਹਰਦੀਪ ਸਿੰਘ ਰੱਜੀਵਾਲਾ ਹਾਜਰ ਸਨ।

## ਜੀਰਾ ਹਲਕੇ ਦੇ ਡੈਲੀਗੇਟਾ ਦੀ ਚੋਣ 28 ਜੁਲਾਈ ਨੂੰ ਮੱਖੂ ਵਿਖੇ ਹੋਵੇਗੀ, ਜਥੇਦਾਰ ਸੰਤਾ ਸਿੰਘ ਉਮੇਦਪੁਰ ਪਹੁੰਚਣਗੇ : ਕਰਨੈਲ ਸਿੰਘ ਪੀਰਮੁਹੰਮਦ



**ਨਵੀਂ ਦਿੱਲੀ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਤਹਿਤ 28 ਜੁਲਾਈ ਨੂੰ ਮੱਖੂ ਦੇ ਗੁਰਦੁਆਰਾ ਬਾਠਾਵਾਲਾ ਵਿਖੇ ਦਿਨ ਦੇ 2 ਵਜੇ ਹੋਣ ਵਾਲੀ ਮੀਟਿੰਗ ਦੀ ਪ੍ਰਧਾਨਗੀ ਪੰਜ ਮੈਬਰੀ ਭਰਤੀ ਕਮੇਟੀ ਦੇ ਪ੍ਰਮੁੱਖ ਮੈਬਰ ਜਥੇਦਾਰ ਸੰਤਾ ਸਿੰਘ ਉਮੇਦਪੁਰੀ ਕਰਨਗੇ ਇਹ ਜਾਣਕਾਰੀ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਸਾਬਕਾ ਜਰਨਲ ਸਕੱਤਰ ਨੇ ਪ੍ਰੈਸ ਨੂੰ ਦਿੱਤੀ। ਉਹਨਾਂ ਕਿਹਾ ਜੀਰਾ ਹਲਕੇ ਦੀ ਮੈਬਰਸਿਪ ਭਰਤੀ ਤਹਿਤ ਸਮੁੱਚੀਆ ਕਾਪੀਆ ਉਹਨਾਂ ਦੀ ਅਗਵਾਈ ਹੇਠ ਪਹਿਲਾ ਹੀ ਬੀਬੀ ਸਤਵੰਤ ਕੌਰ ਨੂੰ ਸੋਪ ਦਿੱਤੀਆ ਗਈਆ ਸਨ । ਇਸੇ ਦੌਰਾਨ ਡਾਕਟਰ ਕਾਰਜ ਸਿੰਘ ਧਰਮਸਿੰਘ ਵਾਲਾ ਅਤੇ ਸ੍ ਗੁਰਮੁੱਖ ਸਿੰਘ ਸੰਧੂ ਅਕਾਲੀ ਆਗੂਆ ਨੇ ਹਲਕਾ ਜੀਰਾ ਦੇ ਉਹਨਾਂ ਸਰਗਰਮ ਅਕਾਲੀ ਵਰਕਰਾ ਜਿੰਨਾ ਇੱਕ ਜਾ ਇੱਕ ਤੋ ਵੱਧ ਕਾਪੀਆ ਭਰੀਆ ਹਨ ਨੂੰ ਅਪੀਲ ਕੀਤੀ ਕਿ ਇਸ ਮੀਟਿੰਗ ਵਿੱਚ ਹਿੱਸਾ ਸਮੇ ਸਿਰ ਲੈਣ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਨੂੰ ਪਿਆਰ ਕਰਨ ਵਾਲੇ ਬੜੀ ਬੇਸਬਰੀ ਨਾਲ 11 ਅਗਸਤ ਦਾ ਇੰਤਜ਼ਾਰ ਕਰ ਰਹੇ ਜਦੋ ਤੇਜਾ ਸਿੰਘ ਸਮੁੰਦਰੀ ਹਾਲ ਅਮ੍ਰਿੰਤਸਰ ਵਿਖੇ ਜਥੇਬੰਦੀ ਦੇ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ ।

ਸ਼੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੌ 2 ਦਸੰਬਰ 2024 ਪੰਜ ਸਿੰਘ ਸਾਹਿਬਾਨ ਵਲੋਂ ਲੋਕਾਂ ਦਾ ਵਿਸ਼ਵਾਸ ਗੁਆ ਚੁੱਕੇ ਸ੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਭਰਤੀ ਕਮੇਟੀ ਬਣਾਈ ਗਈ ਸੀ। ਮੈਂਬਰੀ ਕਮੇਟੀ ਵੱਲੋਂ ਦੋ ਦਸੰਬਰ ਨੂੰ ਹੋਏ ਹੁਕਮਨਾਮੇ ਸਾਹਿਬ ਦੀ ਲੌ ਵਿੱਚ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਭਰਤੀ ਕੀਤੀ ਗਈ ਸੀ ।ਸਿੱਖ ਸੰਗਤਾਂ ਦੇ ਪੂਰਨ ਸਹਿਯੋਗ ਉਤਸ਼ਾਹ ਤੋਂ ਬਾਅਦ ਜਿਹੜੀ ਭਰਤੀ ਲੱਗਭਗ ਮੁਕੰਮਲ ਹੋ ਚੁੱਕੀ ਹੈ।

### ਸਿੱਖ ਬਚਿਆਂ ਨਾਲ ਕਕਾਰਾਂ ਕਾਰਨ ਹੋ ਰਹੇ ਵਿਤਕਰੇ ਰੋਕਣ ਲਈ

# ਪ੍ਰਧਾਨ ਮੰਤਰੀ ਮੋਦੀ ਨਿੱਜੀ ਦਖ਼ਲ ਦੇਵੇ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਰਾਜਸਥਾਨ ਹਾਈ ਕੋਰਟ ਸਿਵਲ ਜੱਜ ਭਰਤੀ ਪ੍ਰੀਖਿਆ ਲਈ ਜੈਪੁਰ ਪਹੁੰਚੀ ਅੰਮ੍ਰਿਤਧਾਰੀ ਲੜਕੀ ਗੁਰਪ੍ਰੀਤ ਕੌਰ ਨੂੰ ਕਿਰਪਾਨ ਪਹਿਨਣ ਦੇ ਆਧਾਰ 'ਤੇ ਪ੍ਰੀਖਿਆ ਹਾਲ ਵਿੱਚ ਦਾਖਲ ਹੋਣ ਤੋਂ ਰੋਕਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਇਸ ਨੂੰ ਭਾਰਤੀ ਸੰਵਿਧਾਨ ਅਤੇ ਸਿੱਖ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਦੱਸਿਆ। ਉਨ੍ਹਾਂ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ।

ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਣ ਲਈ ਤੁਰੰਤ ਨਿੱਜੀ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਸਿੱਖ ਜਗਤ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾਉਣ ਦੀ ਤਿਆਰੀ ਕਰ ਰਿਹਾ ਹੈ, ਅਜਿਹੀ ਸਥਿਤੀ ਵਿੱਚ ਇਹ ਚਿੰਤਾ ਦਾ ਵਿਸ਼ਾ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖ ਬੱਚਿਆਂ ਨੂੰ ਸਿੱਖ ਕਕਾਰ ਕਿਰਪਾਨ ਅਤੇ ਕੜਾ ਪਹਿਨਣ ਕਾਰਨ ਪ੍ਰੀਖਿਆ ਕੇਂਦਰਾਂ ਵਿੱਚ ਦਾਖਲ ਹੋਣ ਤੋਂ ਰੋਕਣ ਦੇ ਕਈ ਮਾਮਲੇ ਸਾਹਮਣੇ ਆ ਰਹੇ ਹਨ। ਇਹ ਸਿੱਖਾਂ ਵਿੱਚ ਵਿਰੋਧ ਦਾ ਕਾਰਨ ਬਣਦਾ ਜਾ ਰਿਹਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਜ਼ੋਰ ਦੇ ਕੇ ਸਪੱਸ਼ਟ ਕੀਤਾ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਅਤੇ 29 ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹ ਪਹਿਨਣ ਦਾ ਪੂਰਾ ਅਧਿਕਾਰ ਦਿੰਦੀ ਹੈ। ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ ਅਤੇ ਹੋਰ ਸਰਕਾਰੀ- ਨਿੱਜੀ ਸੰਸਥਾਵਾਂ ਵਿੱਚ ਸਿੱਖਾਂ ਨਾਲ ਅਜਿਹਾ ਵਿਤਕਰਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਪ੍ਰੋ. ਸਰਚਾਂਦ ਸਿੰਘ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਕਦਮ ਉਨ੍ਹਾਂ ਤੱਤਾਂ ਦੀ ਸਾਜ਼ਿਸ਼ ਹੋ ਸਕਦੇ ਹਨ ਜੋ ਸਿੱਖਾਂ ਅਤੇ ਭਾਜਪਾ ਵਿਚਕਾਰ ਬਣੇ ਵਿਸ਼ਵਾਸ ਨੂੰ ਕਮਜ਼ੋਰ ਕਰਕੇ ਸਿੱਖਾਂ ਨੂੰ ਹਾਸ਼ੀਏ 'ਤੇ ਧੱਕਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਰਾਜਸਥਾਨ ਦਾ ਮਾਮਲਾ ਉੱਥੇ ਦੀ ਭਾਜਪਾ ਸਰਕਾਰ ਦੀ ਛਵੀ 'ਤੇ ਸਵਾਲ ਹੀ ਨਹੀਂ ਉਠਾਉਂਦਾ ਸਗੋਂ ਭਾਜਪਾ ਸਰਕਾਰ ਦਾ ਅਕਸ ਖ਼ਰਾਬ ਕਰਨ ਦਾ ਸਾਧਨ ਬਣਦਾ ਹੈ। ਇਸ ਲਈ, ਸਿੱਖਾਂ ਨਾਲ ਵਿਤਕਰਾ ਕਰਨ ਵਾਲੇ ਅਧਿਕਾਰੀਆਂ ਦੀ ਤੁਰੰਤ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖਾਂ ਦੀ ਧਾਰਮਿਕ ਪਛਾਣ ਨਾਲ ਕੋਈ ਛੇੜਛਾੜ ਨਾ ਹੋਵੇ ਅਤੇ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਨਾਲ ਕੋਈ ਸਮਝੌਤਾ ਨਾ ਹੋਵੇ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰਾਂ ਸਿੱਖਾਂ ਦੀਆਂ ਭਾਵਨਾਵਾਂ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ ਹਨ। ਸਿੱਖਾਂ ਨਾਲ ਵਿਤਕਰਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਇੱਕ ਨੋਟੀਫਿਕੇਸ਼ਨ ਜਾਰੀ ਕਰੇ ਅਤੇ ਸਾਰੇ ਰਾਜਾਂ ਅਤੇ ਪ੍ਰੀਖਿਆ ਬੋਰਡਾਂ, ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ, ਸਰਕਾਰੀ ਅਤੇ ਨਿੱਜੀ ਸੰਸਥਾਵਾਂ ਵਿੱਚ ਸੁਰੱਖਿਆ ਜਾਂਚ ਪ੍ਰਕਿਰਿਆ ਦੌਰਾਨ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਪ੍ਰਤੀ ਪੂਰਾ ਸਤਿਕਾਰ ਦਿਖਾਇਆ ਜਾਵੇਗਾ ਅਤੇ ਇਸ 'ਤੇ ਅਮਲ ਨਾ ਕਰਨ ਵਾਲੇ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਐਸਜੀਪੀਸੀ ਦੇ ਬਹੁ ਗਿਣਤੀ ਮੈਂਬਰਾਂ ਦੇ ਪਤਿਤ ਪਰਿਵਾਰਾਂ ਨੂੰ ਸਿੱਖੀ ਵਿਚ ਲਿਆਉਣ ਲਈ

# ਜੱਥੇਦਾਰ ਅਕਾਲ ਤਖਤ ਸਾਹਿਬ ਆਦੇਸ਼ ਜਾਰੀ ਕਰਨ : ਪੰਥਕ ਜੱਥੇਬੰਦੀਆਂ ਜਰਮਨੀ



**ਨਵੀਂ ਦਿੱਲੀ 27 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:-ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਨੇ ਬੀਤੇ ਦਿਨੀਂ ਇੱਕ ਬਿਆਨ ਵਿੱਚ ਕਿਹਾ ਹੈ ਪੰਜਾਬ ਦੇ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ ਸਿੱਖੀ ਸਰੂਪ ਧਾਰਨ ਕਰਨਾ ਚਾਹੀਦਾ ਹੈ । ਜਰਮਨੀ ਦੀਆਂ ਪੰਥਕ ਜੱਥੇਬੰਦੀਆਂ ਵਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਦੇ ਇਸ ਬਿਆਨ ਦਾ ਸੁਆਗਤ ਕਰਦੇ ਹਾਂ ।ਅਸੀਂ ਉਨ੍ਹਾਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਪੁਰਾਣੇ ਸਮਿਆਂ ਵਿੱਚ ਜਿੰਨੇ ਵੀ ਪੰਜਾਬ ਦੇ ਮੁੱਖ ਮੰਤਰੀ ਬਣੇ ਭਾਵੇਂ ਉਹ ਕਾਂਗਰਸ ਪਾਰਟੀ ਨਾਲ ਸਬੰਧਤ ਸਨ ਜਾਂ ਅਕਾਲੀ ਦੱਲ ਨਾਲ ਸਬੰਧਤ ਰਹੇ ਸਾਰੇ ਹੀ ਸਿੱਖੀ ਸਰੂਪ ਵਾਲੇ ਸਨ । ਸ਼੍ਰੋਮਣੀ ਅਕਾਲੀ ਦੱਲ ਦੇ ਇੱਕ ਮੰਤਰੀ ਸਰਦਾਰ ਆਤਮਾ ਸਿੰਘ ਤਾਂ ਅਪਣੀ ਕਾਰ ਵਿੱਚ ਕੰਘਾ ਅਤੇ ਕੜਾ ਆਮ ਹੀ ਰੱਖਦੇ ਹੁੰਦੇ ਸਨ । ਸਰਦਾਰ ਆਤਮਾ ਸਿੰਘ ਨੂੰ ਜਦੋਂ ਵੀ ਕਿਸੇ ਸਮਾਗਮ ਵਿੱਚ ਕੋਈ ਨੌਜੁਆਨ ਕੰਘੇ ਅਤੇ ਕੜੇ ਤੋ ਵਾਂਝਾ ਦਿਖਦਾ ਤਾਂ ਉਹ ਅਪਣੀ ਕਾਰ ਵਿੱਚੋਂ ਜਾਂ ਜੇਬ ਵਿੱਚੋ ਕੰਘਾ ਅਤੇ ਕੜਾ ਕੱਢਦੇ ਅਤੇ ਨੌਜੁਆਨ ਨੂੰ ਪਹਿਨਾ ਦਿੰਦੇ ਸਨ ।ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਅਕਸਰ ਹੀ ਨੌਜੁਆਨਾ ਨੂੰ ਦਾੜੀ ਕੇਸ ਰੱਖਣ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ । ਪੰਜਾਬ ਸਿੱਖੀ ਦਾ ਧੁਰਾ ਅਤੇ ਗੁਰੂ ਪੀਰਾਂ ਦੀ ਧਰਤੀ ਹੈ ਇਸ ਲਈ ਮੌਜੂਦਾ ਸਰਕਾਰ ਦੇ ਸਿੱਖ ਮੁੱਖ ਮੰਤਰੀ, ਮੰਤਰੀ, ਐਮ ਐੱਲ ਏਜ ਅਤੇ ਚੇਅਰਮੈਨਾ ਨੂੰ ਸਿੱਖੀ ਸਰੂਪ ਜ਼ਰੂਰ ਧਾਰਨ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਨੌਜੁਆਨ ਪੀੜੀ ਨੂੰ ਵੀ ਪ੍ਰੇਰਣਾ ਮਿਲੇਗੀ ਅਤੇ ਉਹ ਵੀ ਸਿੱਖੀ ਸਰੂਪ ਧਾਰਨ ਕਰਨਗੇ ਨਾਲ ਹੀ ਨਸ਼ਿਆਂ ਤੋ ਵੀ ਬਚੇ ਰਹਿਣਗੇ । ਸਾਡੀ ਜਥੇਦਾਰ ਕੁਲਦੀਪ ਸਿੰਘ ਜੀ ਗੜਗੱਜ ਨੂੰ ਬੇਨਤੀ ਹੈ ਕਿ ਸਿੱਖ ਪੰਥ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੈਕਟਰੀ, ਸੈਕਟਰੀ, ਮੈਨੇਜਰ ਅਤੇ ਮੈਂਬਰ ਸਹਿਬਾਨ ਜਿਨ੍ਹਾਂ ਨੇ ਸ੍ਰੀ ਗੁਰੂ ਤੇਗ. ਬਹਾਦਰ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਦੇ ਪ੍ਰੋਗਰਾਮ ਉਲੀਕੇ ਹਨ ਉਹਨਾ ਵਿੱਚੋ ਬਹੁ ਗਿਣਤੀ ਮੈਂਬਰਾਂ ਅਤੇ ਖਾਸ ਕਰਕੇ ਮੁੱਖ ਸਕੱਤਰ ਦੇ ਬੱਚਿਆਂ ਨੇ ਦਾੜੀ ਕੇਸ ਕਤਲ ਕੀਤੇ ਹੋਏ ਹਨ, ਉਨ੍ਹਾਂ ਨੂੰ ਵੀ ਅਦੇਸ ਜਾਰੀ ਕਰ ਕੇ ਆਪਣਾ ਮੁੱਢਲਾ ਫਰਜ਼ ਅਦਾ ਕਰੋ ਤੇ ਦੀਵੇ ਥੱਲੇ ਹਨ੍ਹੇਰਾ ਨਾ ਰੱਖੋ । ਜਿਹੜੇ ਪੰਥ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦੱਲ (ਸਾਰੇ ਧੜੇ) ਦੇ ਆਗੂਆਂ ਅਤੇ ਵਰਕਰਾ ਨੇ ਸਿੱਖੀ ਸਰੂਪ ਧਾਰਨ ਨਹੀਂ ਕੀਤਾ ਹੋਇਆ ਵੱਡੇ ਵੱਡੇ ਓਹਦੇ ਲੈ ਰੱਖੇ ਹਨ ਉਨ੍ਹਾਂ ਵੱਲ ਵੀ ਨਜ਼ਰ ਕਰ ਲੈਣ ਦੀ ਸਖ਼ਤ ਲੋੜ ਹੈ ਕਿਉਕਿ ਇੰਨ੍ਹਾ ਲੋਕਾਂ ਦਾ ਕੰਮ ਸਿੱਖੀ ਪ੍ਰਚਾਰ ਨਾਲ ਜੁੜਿਆ ਹੋਇਆ ਹੈ ਤੇ ਇੰਨ੍ਹਾ ਵਿਚ ਹੀ ਸਿੱਖੀ ਸਰੂਪ ਦੀ ਵੱਧ ਘਾਟ ਹੈ । ਜੱਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਸਤਨਾਮ ਸਿੰਘ ਬੱਬਰ, ਭਾਈ ਬਿਧੀ ਸਿੰਘ ਬੱਬਰ, ਭਾਈ ਰਜਿੰਦਰ ਸਿੰਘ ਬੱਬਰ ਸਮੇਤ ਬਹੁਤ ਸਾਰੇ ਆਗੂਆਂ ਨੇ ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਅਕਾਲੀ ਦਲ ਦੇ ਸਮੂਹ ਧੜਿਆਂ ਦੇ ਲੀਡਰ ਸਿੱਖੀ ਸਰੂਪ ਧਾਰਨ-ਕਰਨੈਲ ਸਿੰਘ ਪੰਜੋਲੀ



**ਨਵੀਂ ਦਿੱਲੀ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਨੇ ਇੱਕ ਬਿਆਨ ਵਿੱਚ ਕਿਹਾ ਹੈ ਪੰਜਾਬ ਦੇ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ ਸਿੱਖੀ ਸਰੂਪ ਧਾਰਨ ਕਰਨਾ ਚਾਹੀਦਾ ਹੈ । ਮੈਂ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਦੇ ਇਸ ਬਿਆਨ ਦਾ ਸੁਆਗਤ ਕਰਦਾ ਹਾਂ । ਪੁਰਾਣੇ ਸਮਿਆਂ ਵਿੱਚ ਜਿੰਨੇ ਵੀ ਪੰਜਾਬ ਦੇ ਮੁੱਖ ਮੰਤਰੀ ਬਣੇ ਭਾਵੇਂ ਉਹ ਕਾਂਗਰਸ ਪਾਰਟੀ ਨਾਲ ਸਬੰਧਤ ਸਨ ਜਾਂ ਅਕਾਲੀ ਦੱਲ ਨਾਲ ਸਬੰਧਤ ਰਹੇ ਸਾਰੇ ਹੀ ਸਿੱਖੀ ਸਰੂਪ ਵਾਲੇ ਸਨ । ਸ਼੍ਰੋਮਣੀ ਅਕਾਲੀ ਦੱਲ ਦੇ ਇੱਕ ਮੰਤਰੀ ਸਰਦਾਰ ਆਤਮਾ ਸਿੰਘ ਤਾ ਅਪਣੀ ਕਾਰ ਵਿੱਚ ਕੰਗਾ ਅਤੇ ਕੜਾ ਆਮ ਹੀ ਰੱਖਦੇ ਸਨ । ਸਰਦਾਰ ਆਤਮਾ ਸਿੰਘ ਨੂੰ ਜਦੋਂ ਵੀ ਕਿਸੇ ਸਮਾਗਮ ਵਿੱਚ ਕੋਈ ਨੌਜੁਆਨ ਕੰਗੇ ਅਤੇ ਕੜੇ ਤੋ ਵਾਂਝਾ ਦਿਖਦਾ ਤਾਂ ਉਹ ਅਪਣੀ ਕਾਰ ਵਿੱਚੋਂ ਜਾਂ ਜੇਬ ਵਿੱਚੋ ਕੰਗਾ ਅਤੇ ਕੜਾ ਕੱਢਦੇ ਅਤੇ ਨੌਜੁਆਨ ਨੂੰ ਪਹਿਨਾ ਦਿੰਦੇ ਸਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਸਰ ਹੀ ਨੌਜੁਆਨਾ ਨੂੰ ਦਾੜੀ ਕੇਸ ਰੱਖਣ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ । ਪੰਜਾਬ ਦੀ ਮੌਜੂਦਾ ਸਰਕਾਰ ਦੇ ਸਿੱਖ ਮੁੱਖ ਮੰਤਰੀ , ਮੰਤਰੀ , ਐਮ ਐੱਲ ਏਜ ਅਤੇ ਚੇਅਰਮੈਨਾ ਨੂੰ ਸਿੱਖੀ ਸਰੂਪ ਧਾਰਨ ਕਰਨਾ ਚਾਹੀਦਾ ਹੈ । ਇਸ ਤਰਾਂ ਕਰਨ ਨਾਲ ਨੌਜੁਆਨ ਪੀੜੀ ਨੂੰ ਵੀ ਪ੍ਰੇਰਣਾ ਮਿਲੇਗੀ ਅਤੇ ਉਹ ਵੀ ਸਿੱਖੀ ਸਰੂਪ ਧਾਰਨ ਕਰਨਗੇ ਅਤੇ ਨਸਿਆ ਤੋ ਵੀ ਬਚੇ ਰਹਿਣਗੇ । ਪਰਾਤੂੰ ਮੈਂ ਜਥੇਦਾਰ ਕੁਲਦੀਪ ਸਿੰਘ ਜੀ ਗੜਗੱਜ ਨੂੰ ਬੇਨਤੀ ਕਰਦਾ ਹਾ ਕਿ ਸਿੱਖ ਪੰਥ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੈਕਟਰੀ , ਸੈਕਟਰੀ ,ਮਨੇਜਰ ਅਤੇ ਮੈਂਬਰ ਸਹਿਬਾਨ ਜਿਹਨਾਂ ਨੇ ਸ੍ਰੀ ਗੁਰੂ ਤੇਗ. ਬਹਾਦਰ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਦੇ ਪ੍ਰੋਗਰਾਮ ਉਲੀਕੇ ਹਨ ਉਹਨਾ ਵਿੱਚੋ ਬਹੁ ਗਿਣਤੀ ਮੈਂਬਰਾਂ ਅਤੇ ਖਾਸ ਕਰਕੇ ਮੁੱਖ ਸਕੱਤਰ ਦੇ ਬੱਚਿਆਂ ਨੇ ਦਾੜੀ ਕੇਸ ਕਤਲ ਕੀਤੇ ਹੋਏ ਹਨ , ਉਹਨਾ ਨੂੰ ਵੀ ਅਦੇਸ ਜਾਰੀ ਕਰ ਦਿਓ ਦੀਵੇ ਥੱਲੇ ਨੇਰਾ ਨਾ ਰੱਖੋ । ਜਿਹੜੇ ਪੰਥ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦੱਲ ( ਸਾਰੇ ਧੜੇ ) ਦੇ ਆਗੂਆਂ ਅਤੇ ਵਰਕਾਰਾ ਨੇ ਸਿੱਖੀ ਸਰੂਪ ਧਾਰਨ ਨਹੀਂ ਕੀਤਾ ਹੋਇਆ ਆਹੁਦੇ ਵੱਡੇ ਵੱਡੇ ਲੈ ਰੱਖੇ ਉਹਨਾ ਵੱਲ ਵੀ ਨਜਰ ਕਰ ਲਵੋ।

ਆਵਾਜ਼ਿ ਕੌਮ AWAZE QAUM International Newspaper & WEB TV

# ਬੇਰੁਜ਼ਗਾਰ ਅਧਿਆਪਕ ਵੱਲੋਂ ਅਮਨ ਅਰੋੜਾ ਦੀ ਕੋਠੀ ਦਾ ਘਿਰਾਓ



**ਸੁਨਾਮ ( ਰਣਜੀਤ ਸਿੰਘ ਪੇਧਨੀ )**-ਬੇ ਰੁਜ਼ਗਾਰ ਬੀ.ਐਡ ਟੈਟ ਪਾਸ ਯੂਨੀਅਨ ਵੱਲੋਂ ਅਮਨ ਅਰੋੜਾ ਦੀ ਕੋਠੀ ਦਾ ਘਿਰਾਓ ਕੀਤਾ ਗਿਆ । ਬੇਰੁਜ਼ਗਾਰ ਦੀਆਂ ਮੰਗਾਂ ਮਾਸਟਰ ਕੇਡਰ ਅਤੇ ਲੈਕਚਰਾਰ ਕੇਡਰ ਉਪਰ 55% ਦੀ ਬੇਤੁਕੀ ਸ਼ਰਤ ਲਾ ਰੱਖੀ ਹੈ ਉਸ ਨੂੰ ਰੱਦ ਕੀਤਾ ਜਾਵੇ। ਬੀ ਐਡ ਟੈਟ ਪਾਸ ਯੂਨੀਅਨ ਪਿਛਲੇ 40 ਮਹੀਨਿਆਂ ਤੋਂ ਸਰਕਾਰ ਨਾਲ ਲੜ ਰਹੀ ਹੈ। ਅਨੇਕਾਂ ਬੇਰੁਜ਼ਗਾਰ ਅਧਿਆਪਕ ਹਰ ਸਾਲ ਓਵਰੇਜ ਹੋ ਰਹੇ ਨੇ ਓਹਨਾ ਲਈ ਸਰਕਾਰ ਮੌਕਾ ਦੇਵੇ। ਸੁਨਾਮ ਵਿਖੇ ਗੱਲਬਾਤ ਕਰਦੇ ਸੰਦੀਪ ਧੌਲਾ ਨੇ ਦੱਸਿਆ ਕਿ ਬੇਰੁਜਗਾਰ ਅਧਿਆਪਕਾਂ ਦੁਆਰਾ ਆਈ ਟੀ ਚੌਕ ਤੋਂ ਲੈਕੇ ਅਮਨ ਅਰੋੜਾ ਦੀ ਕੋਠੀ ਤੱਕ ਮਾਰਚ ਕੀਤਾ ਗਿਆ । ਅਮਨ ਅਰੋੜਾ ਦੀ ਕੋਠੀ ਅੱਗੇ ਬੇਰੁਜਗਾਰ ਅਧਿਆਪਕਾਂ ਨੇ ਆਪਣਾ ਰੋਸ ਪ੍ਰਦਰਸ਼ਨ ਕੀਤਾ ਕਿਉਕਿ ਸਰਕਾਰ ਨੇ ਸਿੱਖਿਆ ਵਿਭਾਗ ਵਿੱਚ ਕੋਈ ਮਾਸਟਰ ਕੇਡਰ ਅਤੇ ਲੈਕਚਰਾਰ ਕੇਡਰ ਦੀ ਭਰਤੀ ਨਹੀਂ ਦਿੱਤੀ ਅਤੇ ਨਾਲ ਹੀ 55% ਦੀ ਬੇਤੁਕੀ ਸ਼ਰਤ ਜੋ ਮਸਟਰ ਕੇਡਰ ਉਪਰ ਲਾ ਰੱਖੀ ਆ ਉਸ ਨੂੰ ਰੱਦ ਕੀਤਾ ਜਾਵੇ ਅਤੇ ਜੋ ਓਵਰਏਜ ਹੋ ਰਹੇ ਨੇ ਓਹਨਾਂ ਨੂੰ ਮੌਕਾ ਦਿੱਤਾ ਜਾਵੇ। ਮੌਕੇ ਤੇ ਪ੍ਰਸਾਸ਼ਨ ਨਾਲ ਗੱਲਬਾਤ ਕੀਤੀ ਜਿਸ ਵਿਚ ਸੰਦੀਪ ਧੌਲਾ, ਮਨਜੋਤ ਸਿੰਘ , ਸੁਧੀਰ ਆਦਿ ਹਾਜ਼ਰ ਸਨ। ਫਿਰ ਪ੍ਰਸਾਸ਼ਨ ਦੁਆਰਾ 4 ਅਗਸਤ ਦੀ ਚੰਡੀਗੜ੍ਹ ਮੀਟਿੰਗ ਜੋ ਕੇ ਸਬ ਕਮੇਟੀ ਨਾਲ ਕਰਾਉਣ ਦਾ ਵਿਸ਼ਵਾਸ ਦਿੱਤਾ ਹੈ ਅਤੇ ਉਸ ਸਮੇਂ ਹੀ ਕੈਬਨਿਟ ਮੰਤਰੀ ਅਮਨ ਅਰੋੜਾ ਜੀ ਵੀ ਆਪਣੇ ਘਰ ਆ ਗਏ ਸੀ ਅਤੇ ਪ੍ਰਸਾਸ਼ਨ ਨੇ ਮੰਤਰੀ ਅਮਨ ਅਰੋੜਾ ਨਾਲ ਵੀ ਮੀਟਿੰਗ ਕਰਵਾ ਦਿੱਤੀ ਕੇਡਰ ਦੇ ਤਿੰਨ ਸਾਥੀ ਅੰਦਰ ਮੀਟਿੰਗ ਕਰਕੇ ਸਾਰੀ ਜਾਣਕਾਰੀ ਦਿੱਤੀ ਅਤੇ ਮੰਤਰੀ ਅਮਨ ਅਰੋੜਾ ਨੇ ਵਿਸ਼ਵਾਸ ਦਿੱਤਾ ਕੇ ਸਿੱਖਿਆ ਮੰਤਰੀ ਨਾਲ ਗੱਲਬਾਤ ਕਰਕੇ ਮਾਸਟਰ ਕੇਡਰ ਅਤੇ ਲੈਕਚਰਾਰ ਕੇਡਰ ਦੀ ਭਰਤੀ ਦੀ ਗੱਲ ਜ਼ਰੂਰ ਕਰਾਂਗੇ। ਇਸ ਦੌਰਾਨ ਆਰਟ ਅਤੇ ਕਰਾਫਟ ਦੇ ਸਾਥੀ ਵੀ ਮੌਜੂਦ ਸਨ । ਪੰਜਾਬ ਦੇ ਵੱਖ ਵੱਖ ਖੇਤਰਾਂ ਵਿੱਚੋ ਬੇਰੁਜ਼ਗਾਰ ਅਧਿਆਪਕ ਆਏ ਹੋਏ ਸਨ। ਇਸ ਮੌਕੇ ਮਨਜੋਤ ਸਿੰਘ ਨੇ ਗੱਲਬਾਤ ਕਰਦੇ ਕਿਹਾ ਕਿ ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਪ੍ਰਦਰਸ਼ਨ ਹੋਰ ਵੀ ਤਿੱਖਾ ਕੀਤਾ ਜਾਵੇਗਾ । ਇਸ ਸਮੇਂ ਮਮਨਦੀਪ ਸਿੰਘ , ਗੁਰਜਿੰਦਰ ਸਿੰਘ, ਸੁਧੀਰ, ਭੁਪਿੰਦਰ ਸਿੰਘ, ਮਨਜੋਤ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਫੋਨ 'ਤੇ ਧਮਕੀ ਦੇ ਕੇ ਫਿਰੌਤੀ ਮੰਗਣ ਵਾਲੇ ਤਿੰਨ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

ਤਲਵੰਡੀ ਸਾਬੋ, 27 ਜੁਲਾਈ (ਗੁਰਜੰਟ ਸਿੰਘ ਨਥੇਹਾ)- ਐਸਐਸਪੀ ਮੈਡਮ ਅਮਨੀਤ ਕੌਂਡਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਤਲਵੰਡੀ ਵੱਲੋਂ ਵੱਡੀ ਸਫਲਤਾ ਹਾਸਲ ਕਰਦਿਆਂ ਤਿੰਨ ਅਜਿਹੇ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ, ਜੋ ਲੋਕਾਂ ਨੂੰ ਫੋਨ ਕਰਕੇ ਧਮਕੀਆਂ ਦੇ ਰਹੇ ਸਨ ਅਤੇ ਲੱਖਾਂ ਰੁਪਏ ਦੀ ਫਿਰੌਤੀ ਮੰਗ ਰਹੇ ਸਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ ਤਲਵੰਡੀ ਸਾਬੋ ਸ੍ਰੀ ਰਾਜੇਸ਼ ਸਨੇਹੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਤਿੰਨਾਂ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਗੰਭੀਰ ਜਾਂਚ ਜਾਰੀ ਹੈ। ਉਹਨਾਂ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਫੋਨ 'ਤੇ ਧਮਕੀ ਜਾਂ ਫਿਰੌਤੀ ਮੰਗਣ ਵਾਲੀ ਕਾਲ ਆਉਂਦੀ ਹੈ ਤਾਂ ਉਸ ਦੀ ਤੁਰੰਤ ਨਜ਼ਦੀਕੀ ਪੁਲਿਸ ਥਾਣੇ ਵਿੱਚ ਜਾ ਕੇ ਸ਼ਿਕਾਇਤ ਦਰਜ ਕਰਵਾਉਣੀ ਯਕੀਨੀ ਬਣਾਉਣ।



ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਹੀਦ ਭਾਈ ਸਤੀ ਦਾਸ ਜੀ

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥**

ਭਾਈ ਸਤੀ ਦਾਸ ਜੀ ਦਾ ਜਨਮ ਪਿਤਾ ਭਾਈ ਨੰਦ ਲਾਲ ਜੀ ਦੇ ਗ੍ਰਹਿ ਵਿਖੇ 1621 ਈ. ਨੂੰ ਪਿੰਡ ਕਿਰਆਲਾ (ਕਿੜਆਲਾ) ਜੇਹਲਮ ਲਹਿੰਦੇ ਪੰਜਾਬ ਅੰਦਰ ਹੋਇਆ ਸੀ। ਭਾਈ ਸਤੀ ਦਾਸ ਜੀ ਭਾਈ ਮਤੀ ਦਾਸ ਜੀ ਦੇ ਸੱਕੇ ਭਰਾ ਸਨ। ਭਾਈ ਸਤੀ ਦਾਸ ਜੀ ਨੇ ਬਚਪਨ ਵਿੱਚ ਹੀ ਪੰਜ਼ਾਬੀ ,ਬ੍ਰਿਜ ,ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾ ਦਾ ਡੂੰਘਾ ਅਧਿਐਨ ਕੀਤਾ ਸੀ। ਭਾਈ ਮਤੀ ਦਾਸ ਜੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਦਰਬਾਰ ਵਿੱਚ ਦੀਵਾਨ ਸੀ ਅਤੇ ਭਾਈ ਸਤੀ ਦਾਸ ਇੱਕ ਉੱਚ ਕੋਟੀ ਦੇ ਲੇਖਕ ਅਤੇ ਅਨੁਵਾਦਕ ਦੇ ਤੌਰ ਤੇ ਗੁਰੂ ਘਰ ਵਿਖੇ ਸੇਵਾ ਨਿਭਾਉਂਦੇ ਸਨ ਆਪ ਫਾਰਸੀ ਭਾਸ਼ਾ ਦੇ ਮਾਹਿਰ ਪੰਡਿਤ ਸੀ ਆਪ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀਆਂ ਉਚਾਰਣਾਂ ਨੂੰ ਫਾਰਸੀ ਵਿੱਚ ਅਨੁਵਾਦ ਕਰਦੇ ਸਨ ਜੋ ਬਾਅਦ ਵਿੱਚ ਗੁਰਮੁਖੀ ਲਿਪੀ ਵਿੱਚ ਅਨੁਵਾਦਿਤ ਕੀਤੀਆਂ ਜਾਂਦੀਆਂ ਸਨ।



ਭਾਈ ਸਤੀ ਦਾਸ ਤੀਸਰੇ ਅਤੇ ਆਖਰੀ ਸਿੱਖ ਸਨ ਜਿਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਨਾਲ ਮੁਗਲ ਹੁਕਮਰਾਨ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਭਾਈ ਸਤੀ ਦਾਸ ਦੀਆਂ ਅੱਖਾਂ ਦੇ ਸਾਹਮਣੇ ਬਹੁਤ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਧਰਮ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਪਰਾਗਾ ਜੀ ਪਿੰਡ ਕੜਿਆਲ ਦੇ ਛਿੱਬੜ ਬ੍ਰਾਹਮਣ ਸਨ ਅਤੇ ਆਪ ਜੀ ਦੇ ਪਿਤਾ ਦਾ ਨਾਂ ਮਹਾਤਮਾ ਗੌਤਮ ਸੀ। ਭਾਈ ਪਰਾਗਾ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖ ਧਰਮ ਆਪਣਾ ਲਿਆ ਸੀ। ਭਾਈ ਪਰਾਗਾ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਦਾ ਨਾਮ ਭਾਈ ਮਤੀ ਦਾਸ ,ਭਾਈ ਸਤੀ ਦਾਸ ,ਭਾਈ ਜਤੀ ਦਾਸ ਤੇ ਭਾਈ ਸਖੀ ਦਾਸ ਸੀ। ਭਾਈ ਮਤੀ ਦਾਸ ਭਾਈ ਪਰਾਗੇ ਦੇ ਜੇਠੇ ਸਪੁੱਤਰ ਸੀ।

ਇਤਿਹਾਸਿਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਦਾਦਾ ਗੌਤਮ ਦਾਸ ਜੀ ਇਲਾਕੇ ਵਿੱਚ ਰਸੂਖਦਾਰ ਵਿਅਕਤੀ ਸਨ। ਇਲਾਕੇ ਦੀਆਂ ਸੰਗਤਾਂ ਗੌਤਮ ਦਾਸ ਜੀ ਪਾਸ ਆਪਣੀਆਂ ਨਿੱਕੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਅਕਸਰ ਆਇਆ ਜਾਇਆ ਕਰਨੀਆਂ ਸਨ। ਗੌਤਮ ਦਾਸ ਜੀ ਦਾ ਮੇਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਹੋਇਆ । ਸਤਿਗੁਰੂ ਸ੍ਰੀ ਅਰਜਨ ਦੇਵ ਜੀ ਮਹਾਰਾਜ ਤੋਂ ਗੌਤਮ ਦਾਸ ਜੀ ਬਹੁਤ ਪ੍ਰਭਾਵਿਤ ਹੋਏ ਤੇ ਆਪ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ।

ਸੰਨ 1978 ਵਿੱਚ ਗਿਆਨੀ ਮੋਤਾ ਸਿੰਘ ਚਕਵਾਲੀਆ ਜੀ ਦਿੱਲੀ ਨੇ ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਤੋਂ ਭਾਈ ਮਤੀਦਾਸ ਤੇ ਭਾਈ ਸਤੀਦਾਸ ਬਾਰੇ ਸੰਪੂਰਨ ਜਾਣਕਾਰੀ ਹਾਸਿਲ ਕਰਕੇ ਮਿਤੀ 2 ਫਰਵਰੀ ਸੰਨ 1978 ਦੇ ਖਾਲਸਾ ਸਮਾਚਾਰ ਅੰਮ੍ਰਿਤਸਰ ਅਖ਼ਬਾਰ ਦੇ ਵਿੱਚ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਨੂੰ ਬਤੌਰ ਇਤਿਹਾਸਿਕ ਦਸਤਾਵੇਜ ਖੰਗਾਲਦੇ ਹੋਏ ਇਹ ਜਾਣਕਾਰੀ ਮਿਲਦੀ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿੱਚ ਭਾਈ ਮਤੀ ਦਾਸ ਦੇ ਦਸਤਖ਼ਤ ਗੁਰਮੁਖੀ ਵਿੱਚ ਸਨ ਅਤੇ ਪਰਿਵਾਰਿਕ ਜਾਣਕਾਰੀ ਅਨੁਸਾਰ ਇਸ ਪਰਿਵਾਰ ਦਾ ਮੁਖੀਆ ਭਾਈ ਪਰਾਗਾ ਸੀ। ਭਾਈ ਪਰਾਗਾ ਦੇ ਸਪੁੱਤਰ ਦਾ ਨਾਂ ਭਾਈ ਦਵਾਰਕਾ ਦਾਸ ਸੀ ਅਤੇ ਭਾਈ ਦਵਾਰਕਾ ਦਾਸ ਦੇ ਚਾਰ ਸਪੁੱਤਰ ਸਨ। ਇਹਨਾਂ ਚਾਰਾਂ ਵਿੱਚੋਂ ਇੱਕ ਪੁੱਤਰ ਦਾ ਨਾਂ ਭਾਈ ਕਬੂਲ ਦਾਸ ਸੀ ਅਤੇ ਕਬੂਲ ਦਾਸ ਤੇ ਤਿੰਨ ਪੁੱਤਰਾਂ ਦਾ ਨਾਂ ਭਾਈ ਮਤੀ ਦਾਸ ,ਭਾਈ ਸਤੀ ਦਾਸ ਅਤੇ ਭਾਈ ਜਤੀ ਦਾਸ ਜੀ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਤਿਹਾਸਿਕ ਨਗਰ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਦਾ ਕਾਰਜ ਭਾਈ ਮਤੀ ਦਾਸ ਜੀ ਦੇ ਜ਼ਿੰਮੇ ਲਗਾਇਆ ਹੋਇਆ ਸੀ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਪ੍ਰਚਾਰ ਲਈ ਭਾਰਤ ਫੇਰੀ ਨਿਕਲੇ ਤਾਂ ਭਾਈ ਮਤੀ ਦਾਸ ਜੀ ਨੇ ਭਾਈ ਸਤੀ ਦਾਸ ਜੀ ਨੇ ਆਪਣੇ ਕੋਲ ਬੁਲਾ ਲਿਆ ਸੀ। ਭਾਈ ਸਤੀ ਦਾਸ ਜੀ ਬਤੌਰ ਸਹਾਇਕ ਦੀਵਾਨ ਅਨੰਦਪੁਰ ਸਾਹਿਬ ਦੀ ਉਸਾਰੀ ਦਾ ਕਾਰਜ ਵੇਖਦੇ ਸਨ ਅਤੇ ਆਪਣੇ ਸਵੇਰੇ ਸ਼ਾਮ ਦੇ ਸਮੇਂ ਨੂੰ ਨਾਮ ਬਾਣੀ ਵਿੱਚ ਬਤੀਤ ਕਰਦੇ ਸਨ।

ਸੰਨ 1675 ਈਸਵੀ ਵਿੱਚ ਮੁਗ.ਲ ਹੁਕਮਰਾਨ ਔਰੰਗਜ਼ੇਬ ਨੇ ਜ਼ੁਲਮ ਤੇ ਜ਼ਬਰ ਦੀ ਹਨੇਰੀ ਝੁਲਾ ਦਿੱਤੀ ਅਤੇ ਸਾਰੇ ਗੈਰ ਮੁਸਲਮਾਨਾਂ ਨੂੰ ਧੱਕੇ ਨਾਲ ਮੁਸਲਮਾਨ ਧਰਮ ਵਿੱਚ ਤਬਦੀਲ ਕਰਵਾਉਣ ਦਾ ਟੀਚਾ ਮਿੱਥ ਲਿਆ। ਇਸ ਨਾਜ਼ੁਕ ਮੌਕੇ ਕਸ਼ਮੀਰੀ ਪੰਡਿਤਾਂ ਦੀ ਪ੍ਰਤੀ ਬੇਨਤੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇਣ ਦਾ ਫੈਸਲਾ ਕੀਤਾ।

**ਦੁਖੀਏ ਬਿਪਰ ਜੁ ਚਲ**
**ਆਏ ਪੁਰੀ ਅਨੰਦ।**
**ਬਾਂਹ ਸਾਡੀ ਪਕੜੀਏ ਗੁਰੂ**
**ਹਰਿ ਗੋਬਿੰਦ ਕੇ ਚੰਦ।**

ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਪੰਜ ਸਿੱਖਾਂ ਸਮੇਤ ਗਿਰਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਹਨਾਂ ਦੇ ਸਿੰਘਾਂ ਨੂੰ ਧਰਮ ਤਬਦੀਲ ਕਰਨ ਲਈ ਹਰ ਤਰ੍ਹਾਂ ਦਾ ਡਰ ਅਤੇ ਧਮਕੀਆਂ ਤੇ ਡਰਾਵੇ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਸਿੱਖ ਆਪਣੇ ਇਮਾਨ ਤੇ ਅਡੋਲ ਰਹੇ। ਔਰੰਗਜ਼ੇਬ ਨੇ ਜਦੋਂ ਆਪਣੀ ਵਾਹ ਚਲਦੀ ਨਾ ਵੇਖੀ ਤਾਂ ਉਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦੇਣ ਅਤੇ ਭਾਈ ਦਿਆਲਾ ਜੀ ਨੂੰ ਬਲਦੀ ਦੇਗ ਵਿੱਚ ਬਿਠਾਉਣ ਦਾ ਫ਼ਤਵਾ ਜਾਰੀ ਕਰ ਦਿੱਤਾ। ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਭਾਈ ਸਤੀ ਦਾਸ ਜੀ ਦੇ ਸਨਮੁੱਖ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥**
**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥1॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥1105**

ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਤੋਂ ਬਾਅਦ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀ ਸਾੜ ਦੇਣ ਦਾ ਫ਼ਰਮਾਨ ਔਰੰਗਜ਼ੇਬ ਨੇ ਕਾਜ਼ੀਆਂ ਦੀ ਸਲਾਹ ਤੇ ਜਾਰੀ ਕੀਤਾ। ਭਾਈ ਸਤੀ ਦਾਸ ਜੀ ਨੂੰ ਕੈਦਖਾਨੇ ਵਿੱਚੋਂ ਕੱਢ ਕੇ ਖੁੱਲੀ ਥਾਂ ਲਿਜਾ ਕੇ ਥੰਮ ਨਾਲ ਬੰਨ੍ਹ ਦਿੱਤਾ ਗਿਆ। ਜ਼ਲਾਦਾਂ ਨੇ ਉਹਨਾਂ ਦੇ ਸਰੀਰ ਦੇ ਆਲੇ ਦੁਆਲੇ ਰੂੰ ਲਪੇਟ ਕੇ ਤੇਲ ਛਿੜਕ ਦਿੱਤਾ ਅਤੇ ਅੱਗ ਲਗਾ ਦਿੱਤੀ। ਭਾਈ ਸਤੀ ਦਾਸ ਜੀ ਸ਼ਾਂਤ ਚਿੱਤ ਹੋ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ ਅਤੇ ਉਹਨਾਂ ਦਾ ਸਰੀਰ ਜਿਉਂਦੇ ਜੀ ਸੜਨ ਲੱਗ ਪਿਆ। ਇਸ ਖੌਫਨਾਕ ਮੰਜ਼ਰ ਨੂੰ ਵੇਖ ਕੇ ਲੋਕਾਂ ਨੇ ਆਪਣੇ ਦੰਦਾਂ ਥੱਲੇ ਉਂਗਲਾਂ ਦੇ ਲਈਆਂ ਤੇ ਉਨਾਂ ਨੇ ਗੁਰੂ ਸਾਹਿਬ ਦੀ ਸਿੱਖਿਆ ਅਤੇ ਸਿੱਖਾਂ ਦੇ ਸਬਰ ਨੂੰ ਦਿਲੋਂ ਸਿਜਦਾ ਕੀਤਾ ਕੁਝ ਸਮੇਂ ਦੇ ਵਕਫੇ ਨਾਲ ਭਾਈ ਸਤੀ ਦਾਸ ਜੀ ਦੀ ਸ਼ਹਾਦਤ ਹੋ ਗਈ ਅਤੇ ਸਿੱਖ ਇਤਿਹਾਸ ਵਿੱਚ ਕੁਰਬਾਨੀਆਂ ਦਾ ਇੱਕ ਨਵਾਂ ਇਤਿਹਾਸ ਦਰਜ ਹੋ ਗਿਆ ਸੀ।



**ਫ਼ਲ਼ਦੇ ਫ਼ੁਲ਼ਦੇ ਨੇ ਕੌਮਾਂ ਦੇ ਬ੍ਰਿਛ ਉਹੋ,**
**ਕੌਮਾਂ ਉਹਨਾਂ ਦੀ ਹੀ ਛਾਵੇਂ ਬਹਿੰਦੀਆਂ ਨੇ।**
**ਵਿੱਚ ਔੜ ਦੇ ਵੀ ਜੜ੍ਹਾਂ ਜਿਨ੍ਹਾਂ ਦੀਆਂ,**
**ਨਾਲ ਰੱਤ ਦੇ ਗਿਲੀਆਂ ਰਹਿੰਦੀਆਂ ਨੇ।**

ਉਪਰੋਕਤ ਖਿਆਲ ਵਿੱਚ ਕਿਸੇ ਸ਼ਾਇਰ ਨੇ ਕੌਮ ਬਾਬਤ ਬਿਆਨ ਕੀਤਾ ਹੈ ਕਿ ਜਿਸ ਕੌਮ ਦੀਆਂ ਜੜਾਂ ਸ਼ਹੀਦੀਆਂ ਦੇ ਰੱਤ ਨਾਲ ਸਿੰਜੀਆਂ ਹੋਣ ਉਹ ਕੌਮ ਜੁਗਾਂ ਜੁਗਾਂ ਤੱਕ ਅਡੋਲ ਅਤੇ ਚੜ੍ਹਦੀ ਕਲਾ ਵਿੱਚ ਰਹਿੰਦੀ ਹੈ।

**-ਸੁਰਿੰਦਰ ਸਿੰਘ**
**ਅੰਮ੍ਰਿਤਸਰ**

# ਪਿੰਡ ਘਨਸਾਮਪੁਰ ਵਿਖੇ ਆਮ ਆਦਮੀ ਪਾਰਟੀ ਦੀ ਹੋਈ ਮੀਟਿੰਗ



ਚੌਕ ਮਹਿਤਾ 27 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)ਬਲਾਕ ਪ੍ਰਧਾਨ ਸੁਰਜੀਤ ਸਿੰਘ ਸਰਪੰਚ ਭੋਏਵਾਲ ਦੀ ਅਗਵਾਈ ਹੇਠ ਪਿੰਡ ਘਨਸਾਮਪੁਰ ਵਿੱਖੇ ਮੀਟਿੰਗ ਹੋਈ, ਜਿਸ ਵਿੱਚ ਪਿੰਡ ਦੇ ਵਿਕਾਸ ਬਾਰੇ ਖੁੱਲਕੇ ਵੀਚਾਰਾ ਕੀਤੀਆਂ ਪੱਤਰਕਾਰਾ ਨਾਲ ਗੱਲ ਬਾਤ ਕਰਦਿਆਂ ਹੋਇਆਂ ਬਲਾਕ ਪ੍ਰਧਾਨ ਸੁਰਜੀਤ ਸਿੰਘ ਸਰਪੰਚ ਭੋਏਵਾਲ ਨੇ ਕਿਹਾ ਕਿ ਆਉਣ ਵਾਲੇ ਸਮੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਹੇਠਾਂ ਪਿੰਡਾਂ ਵਿੱਚ ਪੰਚਾਇਤਾ ਨੂੰ ਖੁੱਲੀਆਂ ਗ੍ਰਾਂਟਾ ਦੇਕੇ ਨਿਵਾਜਿਆ ਜਾਵੇਗਾ। ਅਤੇ ਪਿੰਡਾਂ ਦੇ ਵਿਕਾਸ ਧੜਾਧੜ ਹੋਣਗੇ । ਇਸ ਮੌਕੇ ਬਲਾਕ ਪ੍ਰਧਾਨ ਸੁਰਜੀਤ ਸਿੰਘ ਸਰਪੰਚ ਭੋਏਵਾਲ ਤੋਂ ਇਲਾਵਾ ਮੈਬਰ ਸੁਰਜੀਤ ਸਿੰਘ, ਸਰਪੰਚ ਬਲਵੰਤ ਸਿੰਘ ਘਨਸਾਮਪੁਰ, ਰਣਜੋਧ ਸਿੰਘ, ਲਖਵਿੰਦਰ ਸਿੰਘ, ਬਖਸੀਸ ਸਿੰਘ, ਗੁਰਮੀਤ ਸਿੰਘ, ਗਗਨਦੀਪ ਸਿੰਘ, ਕੇਵਲ ਸਿੰਘ ਆਦਿ ਆਮ ਆਦਮੀ ਪਾਰਟੀ ਦੇ ਆਗੂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਰਾਜਸਥਾਨ ਵਿਚ ਅੰਮ੍ਰਿਤਧਾਰੀ ਬੱਚੀ ਨੂੰ ਕਕਾਰਾ ਸਮੇਤ ਪ੍ਰੀਖਿਆ ਕੇਂਦਰ ਚ ਦਾਖਲ ਨਾ ਹੋਣ ਦੇਣ ਵਾਲੀ ਬੱਚੀ ਦੀ ਮੁੜ ਪ੍ਰੀਖਿਆ ਨੂੰ ਬਣਾਇਆ ਜਾਵੇਗਾ ਯਕੀਨੀ: ਕਾਲਕਾ, ਕਾਹਲੋ




**ਨਵੀਂ ਦਿੱਲੀ, 27 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਕਾ ਨੇ ਜੈਪੁਰ ਵਿੱਚ ਰਾਜਸਥਾਨ ਹਾਈ ਕੋਰਟ (ਜੋਧਪੁਰ) ਦੀ ਸਿਵਲ ਜੱਜ ਦੀ ਭਰਤੀ ਦਾ ਇਮਤਿਹਾਨ ਦੇਣ ਗਈ ਅੰਮ੍ਰਿਤਧਾਰੀ ਬੱਚੀ ਗੁਰਪ੍ਰੀਤ ਕੌਰ ਨੂੰ ਕਿਰਪਾਨ ਅਤੇ ਕੜਾ ਪਹਿਨੇ ਹੋਣ ਕਰਕੇ ਦਾਖਲਾ ਨਾ ਦੇਣ ਦਾ ਸਖ਼ਤ ਨੋਟਿਸ ਲੈਂਦਿਆਂ, ਇਸ ਨੂੰ ਭਾਰਤੀ ਸੰਵਿਧਾਨ ਦੀ ਵੱਡੀ ਉਲੰਘਣਾ ਅਤੇ ਸਿੱਖਾਂ ਵਿਰੁੱਧ ਨਫ਼ਰਤੀ ਵਿਤਕਰਾ ਕਰਾਰ ਦਿੱਤਾ ਹੈ। ਦਿੱਲੀ ਗੁਰਆਰਾ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋ ਨੇ ਸਖ਼ਤ ਸ਼ਬਦਾਂ ਵਿੱਚ ਇਸ ਦੀ ਨਿੰਦਾ ਕਰਦਿਆਂ ਕਿਹਾ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਜਿਸ ਕੌਮ ਨੇ ਵੱਡੀਆਂ ਘਾਲਣਾਵਾਂ ਘਾਲ ਕੇ ਆਜਾਦੀ ਲਈ ਹੋਵੇ ਉਸ ਕੌਮ ਦੇ ਵਾਰਸਾਂ ਨੂੰ ਐਨੇ ਸਾਲ ਬੀਤਣ ਮਗਰੋਂ ਵੀ ਆਪਣੀ ਪਹਿਚਾਣ ਅਤੇ ਧਾਰਮਿਕ ਚਿੰਨ੍ਹਾਂ ਬਾਰੇ ਲੋਕਾਂ ਨੂੰ ਦਸਣਾ ਪਵੇ। ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋ ਨੇ ਇਸ ਲਈ ਧਾਰਮਿਕ ਜਥੇਬੰਦੀਆਂ ਨੂੰ ਵੀ ਕਸੂਰਵਾਰ ਦਸਿਆ ਜਿਹੜੇ ਅੱਜ ਤੱਕ ਆਪਣੇ ਧਰਮ ਅਤੇ ਧਰਮ ਦੇ ਚਿੰਨ੍ਹਾਂ ਬਾਰੇ ਦੇਸ਼ ਵਾਸੀਆਂ ਨੂੰ ਜਾਣਕਾਰੀ ਨਹੀਂ ਦੇ ਪਾਏ । ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋ ਨੇ ਕਿਹਾ ਪਹਿਲਾਂ ਵੀ ਇਸ ਤਰ੍ਹਾਂ ਦੀ ਦਿੱਕਤ ਗੁਰਸਿੱਖ ਬੱਚੇ ਨੂੰ ਪੇਸ਼ ਆਈ ਸੀ ਜਿਸਦੀ ਕਾਨੂੰਨੀ ਲੜਾਈ ਦਿੱਲੀ ਕਮੇਟੀ ਨੇ ਲੜੀ ਅਤੇ ਬੱਚੇ ਦਾ ਮੁੜ ਤੋਂ ਪੇਪਰ ਦਿਵਾਇਆ । ਹੁਣ ਵੀ ਦਿੱਲੀ ਕਮੇਟੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਿੱਥੇ ਰਾਜਸਥਾਨ ਦੇ ਮੁੱਖ ਮੰਤਰੀ ਨਾਲ ਗੱਲ ਕੀਤੀ ਜਾਵੇਗੀ ਅਤੇ ਸਾਡੀ ਲੀਗਲ ਟੀਮ ਕਾਨੂੰਨੀ ਤੌਰ ਤੇ ਕੇਸ ਨੂੰ ਲੜਕੇ ਬੱਚੀ ਦਾ ਮੁੜ ਤੋਂ ਪੇਪਰ ਦਿਵਾਇਆ ਜਾ ਸਕੇ ਇਸਦੇ ਜਤਨ ਕੀਤੇ ਜਾਣਗੇ। ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋ ਨੇ ਕਿਹਾ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਇਕ ਅੰਮ੍ਰਿਤਧਾਰੀ ਬਚੀਂ ਕਾਨੂੰਨ ਦੀ ਪੜ੍ਹਾਈ ਕਰ ਰਹੀ ਹੈ ਔਰ ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਮੇ ਵਿੱਚ ਪੜ੍ਹ ਕੇ ਉਹ ਕੌਮ ਦੀ ਵੀ ਸੇਵਾ ਕਰੇਗੀ, ਇਸ ਲਈ ਸਭ ਸੰਸਥਾਵਾਂ ਨੂੰ ਆਪਣੇ ਤੌਰ ਤੇ ਇਸ ਬੱਚੀ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿੱਚ ਮਨਾਇਆ ਗਿਆ ਤੀਆਂ ਦਾ ਤਿਉਹਾਰ

## ਸਮਾਜ ਸੇਵੀ ਸ: ਚਰਨ ਸਿੰਘ ਨੇ ਅਤੇ ਚੇਅਰਮੈਨ ਯੋਗਿੰਦਰ ਸ਼ਰਮਾ ਨੇ ਬੱਚਿਆਂ ਨੂੰ ਦਿੱਤੀਆਂ ਮੁਬਾਰਕਾਂ





ਮਹਿਲ ਕਲਾਂ / ਬਰਨਾਲਾ -(ਵਰਿਆਮ ਹਠੂਰ) ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਸਾਉਣ ਮਹੀਨੇ ਦਾ ਰਵਾਇਤੀ ਤੀਆਂ ਦਾ ਤਿਉਹਾਰ ਡਾਇਰੈਕਟਰ ਸ਼੍ਰੀ ਮੋਹਨੀਸ਼ ਮਿਸ਼ਾ ਅਤੇ ਪ੍ਰਿੰਸੀਪਲ ਵੀਨਾ ਨਾਇਰ ਦੀ ਅਗਵਾਈ ਹੇਠ ਬੜੇ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ, ਮੁੱਖ ਮਹਿਮਾਨ ਵਜੋਂ ਸੰਸਥਾ ਦੇ ਮੁਖੀ ਸਮਾਜ ਸੇਵੀ ਸਰਦਾਰ ਚਰਨ ਸਿੰਘ ਜੀ, ਚੇਅਰਮੈਨ ਸ਼੍ਰੀ ਯੋਗਿੰਦਰ ਸ਼ਰਮਾ ਜੀ ਇਸ ਪ੍ਰੋਗਰਾਮ ਦਾ ਹਿੱਸਾ ਬਣੇ, ਤੇ ਸਕੂਲ ਸਟਾਫ਼ ਅਤੇ ਬੱਚਿਆਂ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਆਖਿਆ, ਸਮਾਗਮ ਦੀ ਸ਼ੁਰੂਆਤ ਵਿੱਚ ਬੱਚਿਆਂ ਨੂੰ ਪੁਰਾਤਨ ਰਵਾਇਤੀ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣੂੰ ਕਰਵਾਇਆ, ਸਕੂਲ ਦੇ ਬੱਚਿਆਂ ਵੱਲੋਂ ਵੱਲੋਂ ਰੰਗਾਰੰਗ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ, ਜਿਸ ਵਿੱਚ ਗਿੱਧਾ, ਭੰਗੜਾ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਜਿੰਨ੍ਹਾਂ ਦੀ ਮੁੱਖ ਮਹਿਮਾਨਾਂ ਅਤੇ ਸਕੂਲ ਸਟਾਫ਼ ਨੇ ਪ੍ਰਸੰਸਾ ਕੀਤੀ, ਅਤੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ, ਇਸ ਦੌਰਾਨ ਮਿਸ ਤੀਜ ਵੀ ਚੁਣੀਆਂ ਗਈਆਂ, ਮੁੱਖ ਮਹਿਮਾਨਾਂ ਵੱਲੋਂ ਜੇਤੂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ, ਅਤੇ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ, ਇਸ ਮੌਕੇ ਸਮਾਜ ਸੇਵੀ ਸਰਦਾਰ ਚਰਨ ਸਿੰਘ ਨੇ ਕਿਹਾ ਗਿਆ ਕਿ ਇਹ ਪੁਰਾਤਨ ਰਵਾਇਤੀ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਹਿੱਸਾ ਹੈ। ਤੀਆਂ ਦੇ ਤਿਉਹਾਰ ਮੌਕੇ ਧੀਆਂ ਆਪਣੇ ਪੇਕੇ ਪਿੰਡ ਤੀਆਂ ਵਿੱਚ ਜਾ ਕੇ ਜਿੱਥੇ ਗਿੱਧਾ ਅਤੇ ਬੋਲੀਆਂ, ਪਾ ਕੇ ਖੁਸ਼ੀ ਮਹਿਸੂਸ ਕਰਦੀਆਂ ਹਨ। ਉੱਥੇ ਆਪਣੀਆਂ ਪੁਰਾਣੀਆਂ ਵਿੱਛੜੀਆਂ ਹੋਈਆਂ ਸਹੇਲੀਆਂ ਨੂੰ ਮਿਲ ਕੇ ਦੁੱਖ ਸੁੱਖ ਸਾਂਝੇ ਕਰਦੀਆਂ ਹਨ। ਪੰਜਾਬੀ ਪਹਿਰਾਵਾ ਪਾ ਕੇ, ਸਭਿਆਚਾਰਕ ਗੀਤ, ਬੋਲੀਆਂ, ਨੋਕ ਝੋਕ, ਦੇ ਨਾਲ ਨਾਲ ਪੱਖੀਆਂ, ਫੁਲਕਾਰੀਆਂ, ਸੱਗੀ ਫੁੱਲ, ਸਜਾ ਕੇ ਧੀਆਂ-ਭੈਣਾਂ ਬੱਚੀਆਂ ਸਾਨੂੰ ਆਪਣੇ ਸੱਭਿਆਚਾਰ ਅਤੇ ਪੁਰਾਤਨ ਪੰਜਾਬੀ ਵਿਰਸੇ ਨਾਲ ਜੋੜੀ ਰੱਖਦੀਆਂ ਹਨ। ਅਜਿਹੇ ਤਿਉਹਾਰ ਵੱਧ ਤੋਂ ਵੱਧ ਮਨਾਉਣੇ ਚਾਹੀਦੇ ਹਨ। ਜੋ ਸਾਨੂੰ ਸਾਡੇ ਸਭਿਆਚਾਰ ਨਾਲ ਜੋੜੀ ਰੱਖਦੇ ਹਨ। ਅੰਤ ਵਿੱਚ ਉਨ੍ਹਾਂ ਸਕੂਲ ਸਟਾਫ਼ ਵੱਲੋਂ ਤੀਆਂ ਦੇ ਤਿਉਹਾਰ ਨੂੰ ਮਨਾਉਣ ਸਬੰਧੀ ਪੁੱਟੇ ਕਦਮਾਂ ਦੀ ਸ਼ਲਾਘਾ ਕੀਤੀ, ਅਤੇ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਅਮਰੀਕਾ ਵਿੱਚ ਰਾਸ਼ਟਰੀ ਮਾਪੇ ਦਿਵਸ 'ਤੇ ਯੂਪੀਐਫ ਵੱਲੋਂ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਸਰਵੋਤਮ ਮਾਪੇ ਪੁਰਸਕਾਰ ਨਾਲ ਕੀਤਾ ਗਿਆ ਸਨਮਾਨਿਤ




**ਵਾਸ਼ਿੰਗਟਨ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਯੂਐਨਓ ਤੋਂ ਮਾਨਤਾ ਪ੍ਰਾਪਤ ਸੰਸਥਾ 'ਯੂਨੀਵਰਸਲ ਪੀਸ ਫੈਡਰੇਸ਼ਨ' ਨੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਸਥਿਤ 'ਦਾ ਵਾਸ਼ਿੰਗਟਨ ਟਾਈਮਜ਼' ਭਵਨ ਵਿਖੇ 'ਰਾਸ਼ਟਰੀ ਮਾਪੇ ਦਿਵਸ' ਤੇ ਇੱਕ ਵਿਸ਼ਾਲ ਅੰਤਰਰਾਸ਼ਟਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਇਸ ਵਿਸ਼ੇਸ਼ ਸਮਾਗਮ ਵਿੱਚ ਵੱਖ-ਵੱਖ ਦੇਸ਼ਾਂ ਤੋਂ ਚੁਣੇ ਗਏ 21 ਪ੍ਰਤੀਨਿਧ ਮਾਪਿਆਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸ਼ਾਂਤੀ ਦੂਤ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਨੂੰ ਸਿੱਖ ਧਰਮ ਅਤੇ ਭਾਰਤ ਦੇ ਪ੍ਰਤੀਨਿਧੀ ਵਜੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ ਉਨ੍ਹਾਂ ਨੂੰ ਇਹ ਸਨਮਾਨ ਅੰਤਰਰਾਸ਼ਟਰੀ ਪੱਧਰ ਤੇ ਉਨ੍ਹਾਂ ਦੀਆਂ ਸੇਵਾਵਾਂ,ਸਮਾਜ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਦਭਾਵਨਾ ਬਣਾਈ ਰੱਖਣ ਵਿੱਚ ਯੋਗਦਾਨ ਅਤੇ ਇੱਕ ਚੰਗੇ ਮਾਪਿਆਂ ਵਜੋਂ ਕੰਮ ਕਰਨ ਲਈ ਦਿੱਤਾ ਗਿਆ ਯੂਨੀਵਰਸਲ ਪੀਸ ਫੈਡਰੇਸ਼ਨ ਦੀ ਉਪ ਪ੍ਰਧਾਨ ਤੁਮੀਕੋ ਦੁਗਨ ਨੇ ਮੀਡੀਆ ਨੂੰ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕੇ ਪ੍ਰੋਗਰਾਮ ਵਿੱਚ ਮੌਜੂਦ ਅੰਤਰਰਾਸ਼ਟਰੀ ਪ੍ਰਤੀਨਿਧੀਆਂ ਨੇ ਜਥੇਦਾਰ ਦਾਦੂਵਾਲ ਜੀ ਵੱਲੋਂ ਧਰਮ ਅਤੇ ਮਨੁੱਖਤਾ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਉਨ੍ਹਾਂ ਦੱਸਿਆ ਕਿ ਯੂਨੀਵਰਸਲ ਪੀਸ ਫੈਡਰੇਸ਼ਨ ਵਿਸ਼ਵ ਸ਼ਾਂਤੀ ਦੇ ਖੇਤਰ ਵਿੱਚ ਕੰਮ ਕਰਦੀ ਹੈ। ਇਸ ਸੰਸਥਾ ਦਾ ਮੁੱਖ ਦਫਤਰ ਦੱਖਣੀ ਕੋਰੀਆ ਵਿੱਚ ਹੈ ਇਸ ਸੰਸਥਾ ਦੇ ਦੁਨੀਆ ਦੇ 172 ਦੇਸ਼ਾਂ ਵਿੱਚ ਦਫ਼ਤਰ ਹਨ ਜਿੱਥੋਂ ਇਹ ਵਿਸ਼ਵ ਸ਼ਾਂਤੀ ਲਈ ਕੰਮ ਕਰਦੇ ਹਨ ਤੁਹਾਨੂੰ ਦੱਸ ਦੇਈਏ ਕਿ ਜਥੇਦਾਰ ਦਾਦੂਵਾਲ ਨੂੰ ਪਹਿਲਾਂ 2024 ਵਿੱਚ ਯੂਨੀਵਰਸਲ ਪੀਸ ਫੈਡਰੇਸ਼ਨ ਵੱਲੋਂ 'ਸ਼ਾਂਤੀ ਦੂਤ' ਵਜੋਂ ਘੋਸ਼ਿਤ ਕੀਤਾ ਗਿਆ ਸੀ ਅਤੇ ਉਹ ਇਹ ਸਨਮਾਨ ਪ੍ਰਾਪਤ ਕਰਨ ਵਾਲੇ ਇਕਲੌਤੇ ਸਿੱਖ ਪ੍ਰਚਾਰਕ ਹਨ ਇਹ ਸਨਮਾਨ ਨਾ ਸਿਰਫ਼ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਸਗੋਂ ਵਿਸ਼ਵ ਪੱਧਰ 'ਤੇ ਭਾਰਤ ਦੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਦੀ ਵਡਿਆਈ ਕਰਨ ਵਾਲਾ ਇੱਕ ਮਹੱਤਵਪੂਰਨ ਪਲ ਵੀ ਹੈ ਇਹ ਸਨਮਾਨ ਪ੍ਰਾਪਤ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਕਿਹਾ ਕੇ ਇਹ ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਗੁਰੂ ਸਾਹਿਬਾਨ ਵੱਲੋਂ ਦਿਖਾਏ ਗਏ ਮਾਰਗ ਦਾ ਨਤੀਜਾ ਹੈ ਪ੍ਰੋਗਰਾਮ ਦਾ ਉਦੇਸ਼ ਪਰਿਵਾਰਕ ਕਦਰਾਂ-ਕੀਮਤਾਂ, ਧਾਰਮਿਕ ਸਹਿਣਸ਼ੀਲਤਾ ਅਤੇ ਵਿਸ਼ਵ ਵਿੱਚ ਸ਼ਾਂਤੀ ਨੂੰ ਉਤਸ਼ਾਹਿਤ ਕਰਨਾ ਸੀ ਜਿਸ ਵਿੱਚ ਜਥੇਦਾਰ ਦਾਦੂਵਾਲ ਜੀ ਵਰਗੀਆਂ ਸ਼ਖਸੀਅਤਾਂ ਦੀ ਮੌਜੂਦਗੀ ਨੇ ਸਮਾਗਮ ਨੂੰ ਹੋਰ ਮਾਣ ਦਿੱਤਾ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸ਼ੁਬੇਗ ਸਿੰਘ ਮੁਲਤਾਨੀ ਅਟਾਰਨੀ ਆਫ਼ ਲਾਅ ਯੂਐਸਏ,ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨਆਰਆਈ ਵਿੰਗ ਯੂਐਸਏ, ਸਿੱਖ ਚਿੰਤਕ ਡਾ. ਸੁਰਿੰਦਰ ਸਿੰਘ ਗਿੱਲ ਚੇਅਰਮੈਨ ਇੰਟਰਨੈਸ਼ਨਲ ਫੋਰਮ ਯੂਐਸਏ,ਬਿਜ਼ਨਸਮੈਨ ਸਤਿੰਦਰ ਸਿੰਘ ਕੰਗ ਅਤੇ ਜਨਰਲਿਸਟ ਹਰਜੀਤ ਸਿੰਘ ਹੁੰਦਲ ਵੀ ਮੌਜੂਦ ਸਨ।




**☛ ਦੁਨੀਆ ਭਰ ਚੋਂ 21 ਮਾਪਿਆਂ ਦੀ ਕੀਤੀ ਗਈ ਚੋਂਣ ☛ ਜਥੇਦਾਰ ਦਾਦੂਵਾਲ ਨੇ ਭਾਰਤ ਅਤੇ ਸਿੱਖ ਭਾਈਚਾਰੇ ਦੀ ਕੀਤੀ ਪ੍ਰਤੀਨਿਧਤਾ**

ਆਵਾਜ਼ਿ ਕੌਮ AWAZE QAUM International Newspaper & WEB TV

# ਸਠਿਆਲਾ ਕਾਲਜ ਵਿਖੇ ਕਾਰਗਿਲ ਵਿਜੈ ਦਿਵਸ ਸਮਾਰੋਹ ਕਰਵਾਇਆ

**ਚੌਕ ਮਹਿਤਾ, 27 ਜੁਲਾਈ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸ਼੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਦੀ ਐਨ.ਸੀ.ਸੀ. ਯੂਨਿਟ ਵੱਲੋਂ 26 ਜੁਲਾਈ 2025 ਨੂੰ ਕਾਲਜ ਵਿਖੇ 16 ਗਾਰਡਜ਼ ਦੇ ਸਹਿਯੋਗ ਅਤੇ 24 ਪੰਜਾਬ ਬਟਾਲੀਅਨ ਐਨ.ਸੀ.ਸੀ. ਯੂਨਿਟ, ਅੰਮ੍ਰਿਤਸਰ ਦੇ ਨਿਰਦੇਸ਼ਾਂ ਅਧੀਨ ਕਾਰਗਿਲ ਵਿਜੈ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸਾਰੇ ਮਹਿਮਾਨਾਂ ਅਤੇ ਭਾਗੀਦਾਰਾਂ ਦੇ ਸਨਮਾਨ ਨਾਲ ਹੋਈ। ਇਸ ਮੌਕੇ 'ਤੇ ਸੈਨਾ ਮੈਡਲ ਨਾਲ ਸਨਮਾਨਿਤ ਮੇਜਰ ਰਣਜੀਤ ਕੁਮਾਰ ਵੱਲੋਂ ਕਾਰਗਿਲ ਦਿਵਸ ਨਾਲ ਸਬੰਧਿਤ ਪ੍ਰਸਤੁਤੀ ਅਤੇ ਲੈਕਚਰ ਦਿੱਤਾ ਗਿਆ। ਉਨ੍ਹਾਂ ਨੇ 1999 ਦੀ ਕਾਰਗਿਲ ਜੰਗ ਦੌਰਾਨ ਭਾਰਤੀ ਸੈਨਿਕਾਂ ਦੀ ਵੀਰਤਾ, ਬਲੀਦਾਨ ਅਤੇ ਅਡੋਲ ਸਮਰਪਣਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਦੇ ਪ੍ਰੇਰਣਾਦਾਇਕ ਸ਼ਬਦਾਂ ਨੇ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਅਤੇ ਦੇਸ਼ ਪ੍ਰਤੀ ਮਾਣ ਦੀ ਭਾਵਨਾ ਜਗਾਈ। ਇਸ ਤੋਂ ਬਾਅਦ ਲੈਫਟੀਨੈਂਟ ਰੁਚਿਤ ਚੌਹਾਨ ਨੇ ਅਗਨੀਵੀਰ ਯੋਜਨਾ ਸੰਬੰਧੀ ਜਾਣਕਾਰੀ ਸੈਸ਼ਨ ਦੇ ਰਾਹੀਂ ਵਿਦਿਆਰਥੀਆਂ ਨੂੰ ਸੈਨਾ ਵਿੱਚ ਭਰਤੀ ਹੋਣ ਦੀ ਨਵੀਂ ਸਕੀਮ ਬਾਰੇ ਜਾਣੂ ਕਰਵਾਇਆ ਅਤੇ ਇਸ ਦੀ ਬਣਤਰ, ਯੋਗਤਾ ਅਤੇ ਲਾਭਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਹਨਾਂ ਕਾਰਗਿਲ ਜੰਗ ਦੌਰਾਨ ਸ਼ਹੀਦ ਹੋਏ ਬਿਕਰਮ ਬੱਤਰਾ ਵਰਗੇ ਵੀਰ ਸੈਨਿਕਾਂ ਬਾਰੇ ਵੀ ਦੱਸਿਆ। ਕਾਲਜ ਇੰਚਾਰਜ ਡਾ.(ਲੈਫ)ਹਰਸਿਮਰਨ ਕੌਰ ਵੱਲੋਂ ਵੀ ਸਮੂਹ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ, "ਹਰ ਇਨਸਾਨ ਕਿਸੇ ਨਾ ਕਿਸੇ ਜੰਗ ਵਿੱਚ ਹੈ, ਪਰ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।" ਉਨ੍ਹਾਂ ਦੇ ਇਹ ਸ਼ਬਦ ਜੀਵਨ ਦੀਆਂ ਲੜਾਈਆਂ ਵਿੱਚ ਸਚਾਈ, ਦ੍ਰਿੜਤਾ ਅਤੇ ਹੌਸਲੇ ਦੀ ਅਹਿਮ ਭੂਮਿਕਾ ਨੂੰ ਰੇਖਾਂਕਿਤ ਕਰਦੇ ਹਨ।ਉਹਨਾਂ ਵਿਦਿਆਰਥੀਆਂ ਨੂੰ ਆਪਣੇ ਇਤਿਹਾਸ ਤੋਂ ਸਿੱਖਣ ਅਤੇ ਰਾਸ਼ਟਰ ਭਾਵਨਾ ਪੈਦਾ ਕਰਨ ਵੱਲ ਜ਼ੋਰ ਦਿੱਤਾ। ਐਨਐਸਐਸ ਪ੍ਰੋਗਰਾਮ ਅਫ਼ਸਰ ਕਰਮਬੀਰ ਸਿੰਘ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਕਾਮਰਸ ਵਿਭਾਗ ਤੋਂ ਮਨੀਸ਼ ਕੁਮਾਰ ਵੱਲੋਂ ਪਹੁੰਚੀਆਂ ਸਖਸ਼ੀਅਤਾਂ, ਵਕਤਾਵਾਂ ਅਤੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਇੱਕ ਭਾਵੁਕ ਭਾਸ਼ਣ ਦਿੱਤਾ ਗਿਆ। ਇਹ ਸਮਾਰੋਹ ਕਾਰਗਿਲ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਨਾਲ ਸਮਾਪਤ ਹੋਇਆ। ਸਮੂਹ ਪ੍ਰੋਗਰਾਮ ਨੂੰ ਸਫਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਡਾ. ਹਰਕਿਰਨ ਕੌਰ, ਹੀਰਾ ਲਾਲ, ਮਨੂ ਬਾਲਾ, ਰੇਨੂੰ, ਮਨੀਸ਼ ਕੁਮਾਰ , ਰੋਹਿਤ ਗੁਪਤਾ , ਸੁਪਰੀਤ ਕੌਰ ਅਤੇ ਕਰਮਬੀਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ।



ਆਵਾਜ਼ਿ ਕੌਮ AWAZE QAUM International Newspaper & WEB TV

# ਅੱਜ ਦਸ਼ਮੇਸ਼ ਤਰਨਾ ਦੱਲ ਦੇ ਹੈਡ ਕੁਵਾਟਰ ਵਿਖੇ ਦਰਸ਼ਨਾ ਲਈ ਪੁੱਜੇ ਡਾਕਟਰ ਜਗਮੋਹਨ ਸਿੰਘ ਰਾਜੂ-ਭਾਰਤੀ ਜਨਤਾ ਪਾਰਟੀ



**ਚੌਕ ਮਹਿਤਾ, 27 ਜੁਲਾਈ, ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਸਿੰਘ ਸਾਹਿਬ ਜਥੇਦਾਰ ਬਾਬਾ ਮੇਜ਼ਰ ਸਿੰਘ ਸੋਢੀ ਜੀ ਅਤੇ ਧੰਨ ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੁਸਾਇਟੀ ਪੰਜਾਬ ਦੇ ਮੁੱਖੀ ਭਾਈ ਮਨਜੀਤ ਸਿੰਘ ਨੇ ਮੁਲਾਕਾਤ ਦੌਰਾਨ ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ (ਪੰਜਾਬ ) ਦੀਆ ਹਲਕਾ ਜੰਡਿਆਲਾ ਗੁਰੂ ਵਿਚ ਚਲ ਰਹੀਆ ਸਾਮਾਜਿਕ ਸੇਵਾਵਾ ਬਾਰੇ ਜਾਣੂ ਕਰਵਾਇਆ ।ਅਤੇ ਆਉਣ ਵਾਲੇ ਸਮੇ ਚ, ਹਲਕਾ ਜੰਡਿਆਲਾ ਗੁਰੂ ਨਿਵਾਸੀਆਂ ਦੀਆ ਮੁਸ਼ਿਕਲਾਂ ਕਿਵੇਂ ਹੱਲ ਕੀਤੀਆ ਜਾਣਗੀਆ, ਓਸ ਉਤੇ ਵਿਚਾਰ ਚਰਚਾਵਾ ਕੀਤੀਆ ।ਹਲਕਾ ਜੰਡਿਆਲਾ ਗੁਰੂ ਵਿੱਚੋ ਗਰੀਬੀ ਕਿਵੇ ਦੂਰ ਕੀਤੀ ਜਾਵੇ, ਆਮ ਬੰਦੇ ਲਈ ਛੋਟੇ ਵੱਡੇ ਕਾਰੋਬਾਰ ਕਿਵੇਂ ਖੋਲੇ ਜਾਣ, ਨਸ਼ੇ ਨੂੰ ਠਲ ਕਿਵੇਂ ਪਾਈ ਜਾਵੇ, ਬੀਬੀਆ ਨੂੰ ਰੋਜ਼ਗਾਰ ਕਿਵੇਂ ਮਿਲ ਸਕਦਾ ਇਹ ਸਭ ਵਿਚਾਰ ਵਟਾਂਦਰੇ ਹੋਏ ।ਇਸ ਮੌਕੇ ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ (ਪੰਜਾਬ) ਦੀ ਸਮੁੱਚੀ ਟੀਮ ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ, ਸੁਸਾਇਟੀ ਦੇ ਪ੍ਰਧਾਨ ਸੂਬੇਦਾਰ ਸ੍ਰ ਹਰਵਿੰਦਰ ਸਿੰਘ ਫੌਜੀ,ਸਰਪੰਚ ਹਰਜੀਤ ਸਿੰਘ,ਜਥੇਦਾਰ ਕਰਤਾਰ ਸਿੰਘ,ਜਸਦੀਪ ਸਿੰਘ,ਸਤਨਾਮ ਸਿੰਘ,ਆਦਿ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਈਕੋ ਕਲੱਬ ਅਧੀਨ ਵਾਤਾਵਰਣ ਸੰਭਾਲ ਲਈ ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਦੇ ਵਿਦਿਆਰਥੀਆਂ ਵੱਲੋਂ ਹਰੀਕੇ ਪੱਤਣ ਦੀ ਫੇਰੀ




**ਚੌਕ ਮਹਿਤਾ, 27 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਅਧੀਨ ਚੱਲ ਰਹੇ ਸ਼੍ਰੀ ਗੁਰੂ ਤੇਗ. ਬਹਾਦੁਰ ਕਾਲਜ, ਸਠਿਆਲਾ ਦੇ ਈਕੋ ਕਲੱਬ ਵੱਲੋਂ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਦੀ ਯੋਗ ਅਗਵਾਈ ਹੇਠ ਵਾਤਾਵਰਣ ਸੰਬੰਧੀ ਜਾਗਰੂਕਤਾ ਫੈਲਾਉਣ ਲਈ 60 ਵਿਦਿਆਰਥੀਆਂ ਦਾ ਵਿੱਦਿਅਕ ਟੂਰ ਅੱਜ ਹਰੀਕੇ ਪੱਤਣ ਵਿਖੇ ਲਿਜਾਇਆ ਗਿਆ। ਵਾਤਾਵਰਨ ਬਚਾਉਣ ਅਤੇ ਵਾਤਾਵਰਨ ਪ੍ਰਤੀ ਚੇਤੰਨ ਕਰਨ ਦੇ ਮਕਸਦ ਨਾਲ ਉਲੀਕੇ ਇਸ ਟੂਰ ਦੌਰਾਨ ਪ੍ਰੋ.ਹੀਰਾ ਲਾਲ ਦੀ ਅਗਵਾਈ ਵਿੱਚ ਵਿਦਿਆਰਥੀਆਂ ਵੱਲੋਂ ਵਾਤਾਵਰਣ ਸਾਫ ਰੱਖਣ ਦੀ ਸੌਂਹ ਲਈ ਅਤੇ ਕਾਲਜ ਦੇ ਨਾਮ ਦੇ ਪੌਦੇ ਲਗਾਏ ਗਏ। ਇਸਦੇ ਨਾਲ ਹੀ ਵਾਤਾਵਰਣ ਸੰਰਖਣ ਬਾਰੇ ਜਾਗਰੂਕਤਾ ਫੈਲਾਉਣ ਲਈ ਰੈਲੀ ਵੀ ਕੱਢੀ ਗਈ।ਇਸ ਮੌਕੇ ਕਾਲਜ ਇੰਚਾਰਜ ਡਾ.ਹਰਸਿਮਰਨ ਕੌਰ ਅਤੇ ਈਕੋ ਕਲੱਬ ਇੰਚਾਰਜ ਰੋਹਿਤ ਗੁਪਤਾ ਅਤੇ ਐਨਐਸਐਸ ਪ੍ਰੋਗਰਾਮ ਅਫ਼ਸਰ ਕਰਮਬੀਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਵਾਤਾਵਰਣ ਸੰਭਾਲ ਦੀ ਮਹੱਤਤਾ ਤੇ ਲੈਕਚਰ ਦਿੱਤੇ ਗਏ। ਇਸ ਉਪਰੰਤ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਮੁੱਹਈਆ ਕਰਵਾਈ ਗਈ। ਕਾਲਜ ਇੰਚਾਰਜ ਡਾ.ਹਰਸਿਮਰਨ ਕੌਰ ਨੇ ਇਸ ਫੇਰੀ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਪਹਿਲ ਕਾਲਜ ਦੇ ਈਕੋ ਕਲੱਬ ਵੱਲੋਂ ਵਿਦਿਆਰਥੀਆਂ ਵਿਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਾਲੀ ਲਗਾਤਾਰ ਕੋਸ਼ਿਸ਼ਾਂ ਦਾ ਹਿੱਸਾ ਹੈ ਅਤੇ ਕਾਲਜ ਇੰਚਾਰਜ ਹੋਣ ਨਾਤੇ ਉਹ ਆਪ ਵੀ ਅਤੇ ਉਹਨਾਂ ਦੇ ਸਾਰੇ ਵਿਦਿਆਰਥੀ ਅਜਿਹੀਆਂ ਜਨ ਕਲਿਆਣ ਗਤੀਵਿਧੀਆਂ ਕਰਨ ਲਈ ਤਤਪਰ ਹਨ। ਇਹ ਸਮੂਹ ਕਾਰਜਕ੍ਰਮ ਈਕੋ ਕਲੱਬ ਇੰਚਾਰਜ ਸ੍ਰੀ ਰੋਹਿਤ ਗੁਪਤਾ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਕਰਮਬੀਰ ਸਿੰਘ, ਹੀਰਾ ਲਾਲ, ਮਨੀਸ਼ ਕੁਮਾਰ ਅਤੇ ਮਨੂ ਬਾਲਾ ਨੇ ਵੀ ਮਹੱਤਵਪੂਰਣ ਭੂਮਿਕਾ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV

# ਕਸਬਾ ਫਤਿਆਬਾਦ 'ਚ ਸਿੰਮੂ ਦੇ ਵਿਹੜੇ 'ਚ ਮਨਾਈਆ 'ਤੀਆ ਤੀਜ ਦੀਆ'

**ਫਤਿਆਬਾਦ,27 ਜੁਲਾਈ**-ਕਸਬਾ ਫਤਿਆਬਾਦ 'ਚ ਵੱਖ ਵੱਖ ਥਾਵਾਂ 'ਤੇ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਤੀਆਂ ਦਾ ਪ੍ਰਸਿੱਧ ਤਿਓਹਾਰ ਉਤਸ਼ਾਹ ਪੂਰਵਕ - ਮਨਾਇਆ ਗਿਆ। ਇਸ ਤੀਆਂ ਦੇ ਤਿਓਹਾਰ ਮੌਕੇ ਰੰਗ ਬਿਰੰਗੀਆਂ ' ਰਵਾਇਤੀ ਪੋਸ਼ਾਕਾਂ ਵਿੱਚ ਸੱਜ ਕੇ ਗਿੱਧੇ, ਭੰਗੜੇ, ਡਾਂਸ, ਬੋਲੀਆਂ ਅਤੇ ਗੀਤ ਸੰਗੀਤ ਰਾਹੀਂ ਖੂਬ ਰੰਗ ਬੰਨ੍ਹਆ। ਇਹ ਸਾਉਣ ਮਹੀਨੇ ਦਾ ਮੁੱਖ ਤਿਓਹਾਰ ਧੀਆ,ਵਿਆਹੁਤਾ ਔਰਤਾ ਅਤੇ ਲੜਕੀਆ ਵੱਲੋ ਸਾਂਝੇ ਤੌਰ ਇਕੱਤਰ ਹੋ ਕੇ ਮਨਾਇਆ ਗਿਆ।ਇਸ ਮੌਕੇ ਲੜਕੀਆ ਤੇ ਔਰਤਾ ਵੱਲੋ ਪੂਰਨ ਪੰਜਾਬੀ ਪਹਿਰਾਵੇ ਵਿੱਚ ਕਿੱਕਲੀ,ਗਿੱਧਾ,ਚਰੱਖਾ ਕੱਢਣਾ ਅਤੇ, ਹੋਰ ਰੰਗਾਰੰਗ ਪ੍ਰੋਗਰਾਮ ਕਰਕੇ ਆਨੰਦ ਮਾਣਿਆ ਗਿਆ।ਇਸ ਮੌਕੇ ਸਮਾਗਮ ਦੇ ਆਯੋਜਕ ਸਿਮਰਨ ਤੇ ਰਾਜਬੀਰ ਕੌਰ ਵੱਲੋ ਕਰਵਾਏ ਗਏ ਤੀਆ ਦੇ ਪ੍ਰੋਗਰਾਮ ਸਬੰਧੀ ਦੱਸਿਆ ਕਿ ਧੀਆ ਦਾ ਸਨਮਾਨ ਕਰਨ ਵਾਲਿਆ ਲੜਕੀਆ ਅਤੇ ਔਰਤਾ ਨੇ ਕਿਹਾ ਕਿ ਤੀਆ ਦਾ ਤਿਉਹਾਰ ਸਾਉਣ ਦੇ ਮਹੀਨੇ ਵਿਚ ਮਨਾਇਆ ਜਾਂਦਾ ਹੈ ਤੇ ਇਸ ਮਹੀਨੇ ਦੌਰਾਨ ਦੂਰ, ਦੂਰ ਤੋ ਸਹੇਲੀਆ ਇਕੱਠੀਆ ਹੋ ਕੇ ਤੀਆ ਦੇ ਤਿਓਹਾਰ ਦੀਆ ਖੁਸ਼ੀਆ ਸਾਝੀਆ ਕਰਦੀਆ।ਇਸ ਮੌਕੇ ਬੀਬੀਆ ਵਲੋ ਖੀਰ ਤੇ ਮਾਲ ਪੂੜਿਆ ਦਾ ਲੰਗਰ ਲਗਾਇਆ ਗਿਆ। ਇਸ ਮੌਕੋ ਸਿਮਰਨ,ਨੀਤੂ,ਲਵਲੀ,ਮਨਜੀਤ ਕੌਰ, ਰਾਜਬੀਰ, ਸਹਿਜਪ੍ਰੀਤ, ਹਰਜੀਤ, ਖੁਸ਼ਦੀਪ, ਚਾਹਤ, ਜਸ, ਕੀਰਤ, ਹਰਜਿੰਦਰ, ਸਸਿਮਰਨ, ਅਵਨੀਤ,ਹਰਲੀਨ, ਬੀਬੀ ਰਾਜ ਕੌਰ, ਬੀਬੀ ਭਾਗਵੰਤੀ ਸਮੇਤ ਅਨੇਕਾ ਮਹਿਲਾਵਾਂ ਹਾਜ਼ਰ ਸਨ।

ਇੱਕ ਅਧਿਆਪਕ ਦੀ ਕਲਮ ਤੋਂ

# ਨਸ਼ਿਆਂ ਵਿਰੁੱਧ ਜੰਗ- ਵਿਦਿਆਰਥੀਆਂ ਨੂੰ ਬਚਾਉਣ ਦੀ ਜ਼ਿੰਮੇਵਾਰੀ



ਜਦੋਂ ਮੈਂ ਹਰ ਰੋਜ਼ ਆਪਣੇ ਸਕੂਲ ਜਾਂ ਕਾਲਜ ਦੀਆਂ ਕਲਾਸਾਂ ਵਿੱਚ ਕਦਮ ਰੱਖਦਾ ਹਾਂ, ਮੈਨੂੰ ਸਿਰਫ਼ ਵਿਦਿਆਰਥੀਆਂ ਦੇ ਚਿਹਰੇ ਨਹੀਂ ਦਿਸਦੇ, ਮੈਨੂੰ ਉਨ੍ਹਾਂ ਦੀਆਂ ਅੱਖਾਂ ਵਿੱਚ ਉਮੀਦਾਂ, ਚੁਣੌਤੀਆਂ ਅਤੇ ਅਣਬੋਲੇ ਸੰਘਰਸ਼ ਵੀ ਨਜ਼ਰ ਆਉਂਦੇ ਹਨ।ਅੱਜ ਜਦ ਪੰਜਾਬੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਚਪੇਟ ਵਿੱਚ ਆ ਰਹੀ ਹੈ, ਤਾਂ ਇੱਕ ਅਧਿਆਪਕ ਹੋਣ ਦੇ ਨਾਤੇ ਮੇਰੇ ਮਨ ਵਿਚ ਸਵਾਲ ਉਠਦਾ ਹੈ:

"ਕੀ ਅਸੀਂ ਉਨ੍ਹਾਂ ਨੂੰ ਬਚਾ ਰਹੇ ਹਾਂ ਜਾਂ ਸਿਰਫ਼ ਦੇਖ ਰਹੇ ਹਾਂ ?"

? ?ਨਸ਼ਿਆਂ ਦੀ ਬੀਮਾਰੀ-ਚੁਪ ਚਾਪ ਫੈਲਦਾ ਜ਼ਿਹਰ

ਨਸ਼ਾ ਇੱਕ ਐਸਾ ਆਹਿਸਤਾ-ਚਲਦਾ ਜ਼ਿਹਰ ਹੈ ਜੋ ਨੌਜਵਾਨ ਮਨ ਨੂੰ ਅੰਦਰੋਂ ਖੋਕਲਾ ਕਰ ਦਿੰਦਾ ਹੈ। ਇਹ ਸਿਰਫ਼ ਸਰੀਰਕ ਨਹੀਂ, ਮਨੋਵਿਗਿਆਨਕ ਅਤੇ ਸਮਾਜਿਕ ਰੂਪ ਵਿੱਚ ਵੀ ਵਿਦਿਆਰਥੀਆਂ ਨੂੰ ਬਰਬਾਦ ਕਰ ਰਿਹਾ ਹੈ। ਸਾਡੀ ਕਲਾਸਰੂਮ ਦੇ ਕਈ ਚੁਪ ਵਿਦਿਆਰਥੀ, ਜੋ ਦੂਜਿਆਂ ਨਾਲ ਘੁਲਦੇ ਨਹੀਂ, ਜੋ ਅਕਸਰ ਆਖਰੀ ਬੈਂਚ ਤੇ ਬੈਠਦੇ ਹਨ, ਕਈ ਵਾਰੀ ਅਜਿਹੇ ਹੀ ਦੁਖਦਾਈ ਦਿਸ਼ਾਵਾਂ ਵਿੱਚ ਵਧ ਚੁੱਕੇ ਹੁੰਦੇ ਹਨ।




ਨਸ਼ਾ ਅਕਸਰ ਇੱਕ ਦੋਸਤ, ਇੱਕ ਹਮਉਮਰ ਸਾਥੀ ਜਾਂ ਇੱਕ ਆਸ ਪਾਸ ਦੇ ਮਾਹੌਲ ਰਾਹੀਂ ਸ਼ੁਰੂ ਹੁੰਦਾ ਹੈ। ਪਹਿਲੀ ਵਾਰ ਸਿਰਫ਼ "ਮਜ਼ਾਕ" ਜਾਂ "ਟਰਾਈ ਕਰ ਲੈ" ਵਾਲੀ ਸੋਚ ਹੁੰਦੀ ਹੈ, ਪਰ ਫਿਰ ਇਹ ਆਦਤ ਬਣ ਜਾਂਦੀ ਹੈ। ਇਹ ਆਦਤ ਇੱਕ ਮਨੁੱਖ ਨੂੰ ਆਪਣੇ ਮਕਸਦ, ਮਾਪਿਆਂ, ਅਧਿਆਪਕਾਂ ਅਤੇ ਖ਼ੁਦ ਤੋਂ ਵੀ ਦੂਰ ਕਰ ਦਿੰਦੀ ਹੈ।

ਪੰਜਾਬ ਦੀ ਕਾਲੀ ਸੱਚਾਈ, ਅੰਕੜਿਆਂ ਤੋਂ ਅਗੇ ਦਾ ਦਰਦ

ਅਸੀਂ ਅਖਬਾਰਾਂ ਵਿੱਚ ਪੜ੍ਹਦੇ ਹਾਂ ਕਿ ਪੰਜਾਬ ਦੇ ਕਈ ਜ਼ਿਲਿਆਂ ਵਿੱਚ ਨਸ਼ੇ ਦੀ ਲੱਤ 15-25 ਸਾਲ ਦੇ ਨੌਜਵਾਨਾਂ ਵਿੱਚ ਸਭ ਤੋਂ ਵੱਧ ਹੈ। ਪਰ ਅੰਕੜੇ ਸਿਰਫ਼ ਗਿਣਤੀ ਦੱਸਦੇ ਹਨ, ਦਰਦ ਨਹੀਂ।ਉਹ ਵਿਦਿਆਰਥੀ ਜੋ ਕਲ ਰਾਸ਼ਟਰ ਦੇ ਆਗੂ ਬਣ ਸਕਦੇ ਸਨ, ਅੱਜ ਨਸ਼ਿਆਂ ਦੇ ਥੈਲਿਆਂ, ਸਰੰਜਾਮ ਜਾਂ ਪੀਣ ਵਾਲੇ ਪਦਾਰਥਾਂ ਦੀ ਗਿਣਤੀ ਕਰ ਰਹੇ ਹਨ। ਇਹ ਸਿਰਫ਼ ਉਨ੍ਹਾਂ ਦੀ ਨਸ਼ਟ ਹੋ ਰਹੀ ਜ਼ਿੰਦਗੀ ਨਹੀਂ, ਸਾਡਾ ਨਸ਼ਟ ਹੋ ਰਿਹਾ ਭਵਿੱਖ ਵੀ ਹੈ।

ਅਧਿਆਪਕ ਦੀ ਭੂਮਿਕਾ-ਸਿਰਫ਼ ਪਾਠ ਨਹੀਂ, ਰਾਹ ਵੀ ਦਿਖਾਉਣਾ

ਅਸੀਂ ਅਧਿਆਪਕ ਅਕਸਰ ਪਾਠਕ੍ਰਮ ਨੂੰ ਪੂਰਾ ਕਰਾਉਣ, ਪ੍ਰੀਖਿਆਵਾਂ ਦੀ ਤਿਆਰੀ, ਅਤੇ ਮਾਪਦੰਡਾਂ ਦੀ ਪੂਰੀ ਕਰਨ ਵਿਚ ਹੀ ਲੱਗੇ ਰਹਿੰਦੇ ਹਾਂ। ਪਰ ਜੇ ਇੱਕ ਵਿਦਿਆਰਥੀ ਅੰਦਰੋਂ ਹੀ ਟੁੱਟ ਰਿਹਾ ਹੋਵੇ, ਤਾਂ ਉਹ ਕਦੋਂ ਤੱਕ ਪੜ੍ਹੇਗਾ ?

ਇੱਕ ਅਧਿਆਪਕ ਦੇ ਤੌਰ 'ਤੇ ਮੇਰਾ ਤਜਰਬਾ ਕਹਿੰਦਾ ਹੈ ਕਿ:

ਅਸੀਂ ਪਹਿਲਾਂ ਵਿਦਿਆਰਥੀ ਦੇ ਮਨ ਨੂੰ ਪੜ੍ਹੀਏ, ਕਲਾਸ ਤੋਂ ਪਹਿਲਾਂ ਉਸਦੀ ਅੱਖਾਂ ਨੂੰ ਸਮਝੀਏ।

ਵਿਦਿਆਰਥੀ ਨਾਲ ਵਿਅਕਤੀਗਤ ਰਿਸ਼ਤਾ ਬਣਾਈਏ, ਤਾਂ ਕਿ ਉਹ ਆਪਣੇ ਸੰਘਰਸ਼ ਤੁਹਾਡੇ ਨਾਲ ਸਾਂਝੇ ਕਰ ਸਕੇ।

ਉਨ੍ਹਾਂ ਨੂੰ ਸੁਣਨ ਵਾਲਾ ਬਣੀਏ, ਨੈਤੀਕ ਉਪਦੇਸ਼ਕ ਨਹੀਂ।

ਕਈ ਵਾਰੀ ਇੱਕ ਸਾਦਾ "ਤੂੰ ਠੀਕ ਤਾਂ ਹੈਂ ?" ਬੱਚੇ ਦੇ ਅੰਦਰ ਉਮੜ ਰਹੀ ਤੂਫ਼ਾਨੀ ਲਹਿਰ ਨੂੰ ਸ਼ਾਂਤ ਕਰ ਦਿੰਦਾ ਹੈ।

ਸਕੂਲ ਅਤੇ ਕਾਲਜ-ਜਾਗਰੂਕਤਾ ਦੇ ਕੇਂਦਰ ਬਣ ਸਕਦੇ ਹਨ

ਸਕੂਲ ਅਤੇ ਕਾਲਜ ਸਿਰਫ਼ ਪਾਠ ਪੜ੍ਹਾਉਣ ਵਾਲੀ ਥਾਂ ਨਹੀਂ ਰਹੇ।ਇਹ ਜਾਗਰੂਕਤਾ ਦੇ ਕੇਂਦਰ ਬਣਨੇ ਚਾਹੀਦੇ ਹਨ ਜਿੱਥੇ:

ਨਸ਼ਿਆਂ ਖਿਲਾਫ਼ ਵਾਰਸ਼ਿਕ ਮੁਹਿੰਮਾਂ ਚਲਾਈਆਂ ਜਾਣ।

ਮਨੋਵਿਗਿਆਨਕ ਸਲਾਹਕਾਰਾਂ ਦੀ ਨਿਯੁਕਤੀ ਹੋਵੇ।

ਡਰਾਮੇ, ਰੋਡ ਸ਼ੋਅ, ਪੋਸਟਰ ਮੁਕਾਬਲੇ ਰਾਹੀਂ ਬੱਚਿਆਂ ਨੂੰ ਨਸ਼ਿਆਂ ਦੇ ਨੁਕਸਾਨ ਦੱਸੇ ਜਾਣ।

ਅਸਲ ਨਸ਼ਾ ਛੱਡ ਚੁੱਕੇ ਨੌਜਵਾਨਾਂ ਦੀਆਂ ਗੱਲਾਂ ਕਲਾਸ ਵਿੱਚ ਸਾਂਝੀਆਂ ਕਰਵਾਈਆਂ ਜਾਣ।

ਮਾਪਿਆਂ ਦੀ ਭੂਮਿਕਾ-ਸਿਰਫ਼ ਦੋਸ਼ ਨਾ ਲਾਓ, ਸਮਝੋ ਵੀ ਬਹੁਤ ਵਾਰੀ ਮਾਪੇ ਨਸ਼ਾ ਕਰਨ ਵਾਲੇ ਬੱਚੇ ਨੂੰ ਤਾ ਤਾਣ ਲੈਂਦੇ ਹਨ ਜਾਂ ਪੁਰਾਣੀਆਂ ਗਲਤੀਆਂ ਉਤੇ ਹੀ ਉਂਗਲ ਕਰਦੇ ਹਨ। ਪਰ ਬੱਚੇ ਨੂੰ ਕੋਲ ਲਿਆਉਣ, ਸੁਣਨ ਅਤੇ ਮਾਫ਼ ਕਰਨ ਦਾ ਹੌਸਲਾ ਦਿਖਾਉਣਾ ਇਲਾਜ ਦੀ ਪਹਿਲੀ ਔਖੀ ਕੜੀ ਹੁੰਦੀ ਹੈ।

ਮਾਪਿਆਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਬੱਚਿਆਂ ਉੱਤੇ ਅਤਿ ਉਮੀਦਾਂ, ਪੀੜਕ ਲਾਈਫਸਟਾਈਲ ਜਾਂ ਘਰੇਲੂ ਤਣਾਅ ਵੀ ਕਈ ਵਾਰੀ ਉਨ੍ਹਾਂ ਨੂੰ ਨਸ਼ੇ ਵੱਲ ਧੱਕ ਸਕਦੇ ਹਨ।

ਸਮਾਜ ਅਤੇ ਸਰਕਾਰ-ਸਿਰਫ਼ ਕਾਨੂੰਨ ਨਹੀਂ, ਸਾਥ ਵੀ ਨਸ਼ਿਆਂ 'ਤੇ ਕਾਨੂੰਨੀ ਰੋਕ ਲਗਾਉਣੀ ਜ਼ਰੂਰੀ ਹੈ, ਪਰ ਮਨੁੱਖੀ ਪੱਖ ਵੀ ਲੋੜੀਂਦਾ ਹੈ।

ਸਰਕਾਰ ਨੂੰ ਚਾਹੀਦਾ ਹੈ:

ਨਸ਼ਾ ਛੱਡਣ ਵਾਲੇ ਕੇਂਦਰਾਂ ਦੀ ਗਿਣਤੀ ਵਧਾਏ।

ਸਕੂਲ/ਕਾਲਜਾਂ ਲਈ ਵਿਸ਼ੇਸ਼ anti-drug module ਲਾਭਕਾਰੀ ਬਣਾਏ।

ਗ.ਰੀਬ ਅਤੇ ਪਿਛੜੇ ਇਲਾਕਿਆਂ ਵਿੱਚ ਨੌਜਵਾਨਾਂ ਲਈ ਖੇਡਾਂ, ਲਾਘੂ ਉਦਯੋਗ, ਸਿੱਖਲਾਈ ਯੋਜਨਾਵਾਂ ਲਿਆਉਂਦੀ ਜਾਵੇ।

ਸਮਾਜ ਨੂੰ ਵੀ ਇਹ ਸਵੀਕਾਰਨਾ ਪਵੇਗਾ ਕਿ ਨਸ਼ਾ ਕਰਨ ਵਾਲਾ ਵਿਅਕਤੀ "ਅਪਰਾਧੀ" ਨਹੀਂ, "ਮਰੀਜ਼" ਵੀ ਹੋ ਸਕਦਾ ਹੈ। ਹੱਕਾਰ ਦੀ ਥਾਂ ਸਹਿਯੋਗ ਦੀ ਲੋੜ ਹੈ।

ਸਚੀ ਤਾਕਤ-ਬੱਚਿਆਂ ਦੇ ਸੁਪਨੇ, ਜੋ ਅਜੇ ਵੀ ਜ਼ਿੰਦਾ ਹਨ

ਕਈ ਵਾਰੀ ਅਸੀਂ ਸੋਚਦੇ ਹਾਂ ਕਿ ਨਸ਼ੇ ਵਿੱਚ ਫਸਿਆ ਵਿਦਿਆਰਥੀ ਮੁੜ ਕਦੇ ਨਹੀਂ ਉੱਠ ਸਕਦਾ। ਪਰ ਸੱਚ ਇਹ ਹੈ ਕਿ:

ਉਨ੍ਹਾਂ ਅੰਦਰ ਅਜੇ ਵੀ ਚਾਨਣ ਬਾਕੀ ਹੈ

ਉਨ੍ਹਾਂ ਦੀ ਲੋੜ ਹੈ ਸਹੀ ਰਾਹਦਾਰੀ ਦੀ, ਸਹੀ ਹਉਸਲੇ ਦੀ

ਮੈਨੂੰ ਯਾਦ ਹੈ ਮੇਰੇ ਸਕੂਲ ਦਾ ਇੱਕ ਵਿਦਿਆਰਥੀ ਜੋ ਕਦੇ ਨਸ਼ੇ 'ਚ ਡੂੰਘਾ ਡੁੱਬ ਚੁੱਕਾ ਸੀ। ਅੱਜ ਉਹ ਇੱਕ NGO ਚਲਾ ਰਿਹਾ ਹੈ ਜੋ ਨਸ਼ੇਖਿਲਾਫ਼ ਮੁਹਿੰਮ ਚਲਾ ਰਿਹਾ ਹੈ। ਉਸ ਨੇ ਮੇਰੇ ਇੱਕ ਵਾਕ ਨੂੰ ਆਪਣੀ ਜ਼ਿੰਦਗੀ ਦੀ ਦਿਸ਼ਾ ਬਣਾਇਆ ਸੀ: "ਤੂੰ ਇੱਕ ਗਲਤ ਫੈਸਲੇ ਨਾਲ ਖ਼ਤਮ ਨਹੀਂ ਹੋਇਆ।"

ਅੰਤ ਵਿੱਚ ਇੱਕ ਅਧਿਆਪਕ ਦੀ ਅਰਦਾਸ

ਮੈਂ ਅੱਜ ਵੀ ਹਰ ਰੋਜ਼ ਅਪਣੀਆਂ ਕਲਾਸਾਂ ਵਿਚ ਨਵੇਂ ਚਿਹਰਿਆਂ ਨੂੰ ਦੇਖਦਾ ਹਾਂ। ਮੈਂ ਹਰ ਅੱਖ ਵਿੱਚ ਇਹ ਪ੍ਰਾਰਥਨਾ ਕਰਦਾ ਹਾਂ ਕਿ ਕੋਈ ਵੀ ਵਿਦਿਆਰਥੀ ਆਪਣਾ ਭਵਿੱਖ ਕਦੇ ਵੀ ਨਸ਼ਿਆਂ ਦੇ ਹਨੇਰੇ ਹਵਾਲੇ ਨਾ ਕਰੇ। ਸਾਡੀ ਲੜਾਈ ਸਿਰਫ਼ ਨਸ਼ਿਆਂ ਨਾਲ ਨਹੀਂ, ਉਹਨਾਂ ਕਾਰਨਾਂ ਨਾਲ ਵੀ ਹੈ ਜਿਹੜੇ ਵਿਦਿਆਰਥੀ ਨੂੰ ਇਸ ਰਾਹੇ ਲੈ ਜਾਂਦੇ ਹਨ। ਅਸੀਂ ਅਧਿਆਪਕ ਹਾਂ। ਅਸੀਂ ਸਿਰਫ਼ ਵਿਦਿਆ ਨਹੀਂ ਦਿੰਦੇ, ਅਸੀਂ ਭਵਿੱਖ ਰਚਦੇ ਹਾਂ। ਆਉਣ ਵਾਲੀ ਪੀੜ੍ਹੀ ਸਿੱਖੇ, ਜਾਗੇ ਅਤੇ ਨਸ਼ਿਆਂ ਤੋਂ ਮੁਕਤ ਹੋਵੇ, ਇਹ ਸਾਡੀ ਜ਼ਿੰਮੇਵਾਰੀ ਵੀ ਹੈ, ਤੇ ਅਰਦਾਸ ਵੀ।



**-ਲਖਵੀਰ ਸਿੰਘ ਸੇਖੋਂ ,**
**ਐੱਸ ਐੱਸ ਮਾਸਟਰ**
**ਸ਼ਹੀਦ ਲਾਸ਼ ਨਾਇਕ ਕੁਲਦੀਪ ਸਿੰਘ ਸਰਕਾਰੀ ਕੰਨਿਆ ਸਕੂਲ, ਕੌਰੇਆਣਾ**
**ਪੇਸ਼ਕਸ਼ : ਗੁਰਜੰਟ ਸਿੰਘ ਨਥੇਹਾ**

# ਦਿੱਲੀ ਦੇ ਗੁਰੂ ਘਰਾਂ ਨੂੰ ਸਰਕਾਰੀ ਸਰਪ੍ਰਸਤੀ ਨਾਲ ਕਾਬਜ਼ ਹੋਏ ਧੜੇ ਤੋਂ ਮੁਕਤ ਕਰਵਾਉਣ ਲਈ ਕੀਤੀ ਗਈ ਅਰਦਾਸ



**ਨਵੀਂ ਦਿੱਲੀ 27 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:-ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਵੱਲੋਂ ਦਿੱਲੀ ਦੇ ਗੁਰੂ ਘਰਾਂ ਨੂੰ ਸਰਕਾਰੀ ਸਰਪ੍ਰਸਤੀ ਨਾਲ ਕਾਬਜ਼ ਹੋਏ ਧੜੇ ਤੋਂ ਮੁਕਤ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਬਲ ਬਖਸ਼ਣ ਲਈ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿੱਚ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਅਰਦਾਸ ਕੀਤੀ ਗਈ ।ਉਪਰੰਤ ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਅਸੀਂ ਗੁਰੂ ਚਰਨਾਂ ਵਿੱਚ ਅਰਦਾਸ ਜਿੱਥੇ ਗੁਰੂ ਘਰਾਂ ਨੂੰ ਸਰਕਾਰੀ ਚਾਪਲੂਸਾਂ ਤੋਂ ਮੁਕਤ ਕਰਵਾਉਣ ਦੀ ਬੇਨਤੀ ਕੀਤੀ ਹੈ ਉੱਥੇ ਹੀ ਗੁਰੂ ਸਾਹਿਬ ਅੱਗੇ ਇਹ ਅਰਜ਼ ਵੀ ਕੀਤੀ ਹੈ ਕਿ ਅਦਾਲਤ ਦੇ ਫੈਸਲੇ ਤੇ ਜਿਹੜਾ ਗੁਰੂ ਘਰਾਂ ਦੀਆਂ ਜਾਇਦਾਦਾਂ ਨਿਲਾਮ ਹੋਣ ਦਾ ਖਤਰਾ ਬਣਿਆ ਹੈ ਗੁਰੂ ਸਾਹਿਬ ਕਿਰਪਾ ਕਰੋ ਗੁਰੂ ਘਰ ਦੀ ਕੋਈ ਜਾਇਦਾਦ ਨਾ ਨਿਲਾਮ ਹੋਵੇ ਸਗੋਂ ਜਿਹੜੇ ਭ੍ਰਿਸ਼ਟ ਪ੍ਰਬੰਧਕਾਂ ਕਰਕੇ ਇਹ ਨੌਬਤ ਆਈ ਹੈ ਉਹਨਾਂ ਦੀਆਂ ਜਾਇਦਾਦਾਂ ਨਿਲਾਮ ਕਰਕੇ ਉਸ ਘਾਟੇ ਦੀ ਭਰਪਾਈ ਕੀਤੀ ਜਾਵੇ ।ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੂਰੀ ਤਾਕਤ ਨਾਲ ਗੁਰਦੁਆਰਾ ਪ੍ਰਬੰਧ ਦੇ ਸੁਧਾਰ ਦੀ ਲੜਾਈ ਉਸੇ ਤਰ੍ਹਾਂ ਗੁਰੂ ਸਾਹਿਬ ਦੇ ਓਟ ਆਸਰੇ ਲੜੇਗਾ ਜਿਵੇ ਸੌ ਸਾਲ ਪਹਿਲਾਂ ਲੜੀ ਗਈ ਸੀ ।ਉਹਨਾਂ ਸੰਗਤ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਤੇ ਧੰਨਵਾਦ ਕੀਤਾ ।ਇਸ ਮੌਕੇ ਸ.ਮਨਜੀਤ ਸਿੰਘ ਜੀ ਕੇ , ਸ. ਕਰਤਾਰ ਸਿੰਘ ਚਾਵਲਾ ,ਸ. ਸੁਰਿੰਦਰ ਸਿੰਘ ਦਾਰਾ , ਸ. ਤਜਿੰਦਰ ਸਿੰਘ ਗੋਪਾ , ਸ. ਸਤਨਾਮ ਸਿੰਘ ਖੀਵਾ, ਸ. ਜਤਿੰਦਰ ਸਿੰਘ ਸੋਨੂੰ , ਸ. ਮਹਿੰਦਰ ਸਿੰਘ , ਸ. ਰਮਨਦੀਪ ਸਿੰਘ ਸੋਨੂੰ , ਸ. ਮਨਜੀਤ ਸਿੰਘ ਸਰਨਾ, ਸ. ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਲਈ ਅੱਤਵਾਦ ਵਿਰੁੱਧ ਲੜਨ ਦੀ ਸਹੁੰ ਚੁੱਕੀ: ਪੰਮਾ

**ਨਵੀਂ ਦਿੱਲੀ 27 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਭਾਰਤੀ ਫੌਜ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਵਿੱਚ ਚੱਲ ਰਹੇ ਅੱਤਵਾਦੀ ਟਿਕਾਣਿਆਂ ਨੂੰ ਢੁਕਵਾਂ ਜਵਾਬ ਦਿੱਤਾ। ਜਿਸ ਵਿੱਚ ਪੂਰਾ ਦੇਸ਼ ਇੱਕਜੁੱਟ ਹੋ ਕੇ ਫੌਜ ਅਤੇ ਸਰਕਾਰ ਦੇ ਨਾਲ ਖੜ੍ਹਾ ਹੋਇਆ। ਇਸ ਲੜੀ ਵਿੱਚ, ਨੈਸ਼ਨਲ ਅਕਾਲੀ ਦਲ ਦੇ ਰਾਸ਼ਟਰੀ ਪ੍ਰਧਾਨ ਪਰਮਜੀਤ ਸਿੰਘ ਪੰਮਾ ਵੱਲੋਂ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਸਬੰਧੀ ਮੋਤੀ ਨਗਰ ਦੇ ਬੈਂਕੁਏਟ ਗ੍ਰੈਂਡ ਇੰਪੀਰੀਅਲ ਹਾਲ ਵਿਖੇ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਤੌਰ 'ਤੇ ਵੱਖ-ਵੱਖ ਸਮਾਜ ਸੇਵੀ, ਰਾਜਨੀਤਿਕ, ਧਾਰਮਿਕ ਅਤੇ ਡਾਕਟਰ ਮੌਜੂਦ ਸਨ। ਇੱਥੋਂ ਤੱਕ ਕਿ ਵੱਡੀ ਗਿਣਤੀ ਵਿੱਚ ਕਾਰੋਬਾਰੀ ਵੀ ਮੌਜੂਦ ਸਨ।




ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦਿੱਲੀ ਦੇ ਮੇਅਰ ਰਾਜਾ ਇਕਬਾਲ ਸਿੰਘ, ਮੋਤੀ ਨਗਰ ਵਿਧਾਨ ਸਭਾ ਦੇ ਵਿਧਾਇਕ ਹਰੀਸ਼ ਖੁਰਾਨਾ, ਕਾਲੜਾ ਹਸਪਤਾਲ ਦੇ ਡਾਇਰੈਕਟਰ ਡਾ. ਆਰ. ਐਨ. ਕਾਲੜਾ, ਮਸ਼ਹੂਰ ਜੋਤਸ਼ੀ ਡਾ. ਆਚਾਰੀਆ ਜੀਤੂ ਸਿੰਘ, ਭਾਰਤ ਦੀ ਸੁਪਰੀਮ ਕੋਰਟ ਅਤੇ ਹਾਈ ਕੋਰਟ ਦਿੱਲੀ ਦੇ ਐਡਵੋਕੇਟ ਜੀ.ਕੇ. ਭਾਰਤੀ, ਡਾ. ਆਦਿਤਿਆਇੰਦਰਾਦਿਤਿਆ ਸਿੰਘ ਭਾਟੀ, ਸਲਾਹਕਾਰ, ਨਿਊਰੋਸਰਜਨ ਅਤੇ ਸਪਾਈਨ ਸਰਜਨ, ਇੰਦਰਪ੍ਰਸਥ ਅਪੋਲੋ ਹਸਪਤਾਲ, ਰਾਕੇਸ਼ ਯਾਦਵ, ਫੈਡਰੇਸ਼ਨ ਆਫ ਸਦਰ ਬਾਜ਼ਾਰ ਟਰੇਡਜ਼ ਐਸੋਸੀਏਸ਼ਨ ਦੇ ਪ੍ਰਧਾਨ, ਗੁਰਦੇਵ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਉੱਘੇ ਸਮਾਜ ਸੇਵਕ ਗੁਰਚਰਨ ਸਿੰਘ ਰਾਜੂ ਅਤੇ ਹੋਰ ਬਹੁਤ ਸਾਰੇ ਸਮਾਜ ਸੇਵਕ ਮੌਜੂਦ ਸਨ ਜਿਨ੍ਹਾਂ ਨੇ ਅੱਤਵਾਦ ਵਿਰੁੱਧ ਲੜਨ ਦੀ ਸਹੁੰ ਚੁੱਕੀ। ਇਸ ਮੌਕੇ ਮੇਅਰ ਰਾਜਾ ਇਕਬਾਲ ਸਿੰਘ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ 'ਤੇ ਪੂਰਾ ਦੇਸ਼ ਮਾਣ ਮਹਿਸੂਸ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਥਾਪਿਤ ਕੀਤਾ ਹੈ ਕਿ ਜੇਕਰ ਕੋਈ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਕਰਦਾ ਹੈ ਤਾਂ ਉਸਨੂੰ ਘਰ ਵਿੱਚ ਹੀ ਮਾਰ ਦਿੱਤਾ ਜਾਵੇਗਾ, ਇਸਦੀ ਇੱਕ ਉਦਾਹਰਣ ਆਪ੍ਰੇਸ਼ਨ ਸਿੰਦੂਰ ਹੈ।

ਰਾਜਾ ਇਕਬਾਲ ਸਿੰਘ ਨੇ ਕਿਹਾ, ਪਰਮਜੀਤ ਸਿੰਘ ਪੰਮਾ ਹਮੇਸ਼ਾ ਦੇਸ਼ ਅਤੇ ਸਮਾਜ ਦੇ ਭਲੇ ਲਈ ਆਪਣੀ ਆਵਾਜ਼ ਉਠਾਉਂਦੇ ਹਨ, ਇਸ ਲਈ ਉਨ੍ਹਾਂ ਨੂੰ ਇੱਕ ਦਹਾਕੇ ਤੋਂ ਐਂਗਰੀ ਮੈਨ ਦਾ ਖਿਤਾਬ ਪ੍ਰਾਪਤ ਹੈ, ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਵਿਧਾਇਕ ਹਰੀਸ਼ ਖੁਰਾਣਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪ੍ਰੇਸ਼ਨ ਸਿੰਦੂਰ ਕਰਕੇ ਸਾਬਤ ਕਰ ਦਿੱਤਾ ਹੈ ਕਿ ਸਾਡਾ ਦੇਸ਼ ਸੁਰੱਖਿਅਤ ਹੱਥਾਂ ਵਿੱਚ ਹੈ। ਇਸ ਮੌਕੇ 'ਤੇ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਨੈਸ਼ਨਲ ਅਕਾਲੀ ਦਲ ਹਮੇਸ਼ਾ ਦੇਸ਼ ਦੇ ਭਲੇ ਲਈ ਕੰਮ ਕਰਦਾ ਰਿਹਾ ਹੈ। ਉਹ ਹਮੇਸ਼ਾ ਅੱਤਵਾਦ ਵਿਰੁੱਧ ਲੜਨਗੇ ਅਤੇ ਆਉਣ ਵਾਲੇ ਸਮੇਂ ਵਿੱਚ ਉਹ ਸਕੂਲੀ ਬੱਚਿਆਂ ਨੂੰ ਦੇਸ਼ ਪ੍ਰਤੀ ਜਾਗਰੂਕ ਕਰਨਗੇ। ਉਨ੍ਹਾਂ ਦਾ ਮਨੋਰਥ ਰਾਜਨੀਤੀ ਨਹੀਂ ਹੈ ਕਿਉਂਕਿ ਉਹ ਹਮੇਸ਼ਾ ਲੋਕਾਂ ਦੀ ਆਵਾਜ਼ ਪ੍ਰਸ਼ਾਸਨ ਅਤੇ ਸਰਕਾਰ ਤੱਕ ਪਹੁੰਚਾਉਣ ਲਈ ਆਉਂਦੇ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਅਕਾਲੀ ਦਲ ਵੱਲੋਂ 101 ਯੋਧਿਆਂ ਨੂੰ ਐਨਏਡੀ ਦੇਸ਼ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਜੋ ਹਮੇਸ਼ਾ ਦੇਸ਼ ਅਤੇ ਸਮਾਜ ਦੇ ਭਲੇ ਲਈ ਕੰਮ ਕਰਦੇ ਰਹੇ ਹਨ। ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਇੱਕ ਪਾਸੇ ਸਾਡੇ ਸੈਨਿਕ ਸਾਡੇ ਦੇਸ਼ ਦੀਆਂ ਸਰਹੱਦਾਂ 'ਤੇ ਸਾਡੀ ਰੱਖਿਆ ਕਰਦੇ ਹਨ, ਦੂਜੇ ਪਾਸੇ ਇਹ ਯੋਧੇ ਵੱਖ-ਵੱਖ ਸੰਗਠਨਾਂ ਰਾਹੀਂ ਦੇਸ਼ ਅਤੇ ਸਮਾਜ ਦੀ ਸੇਵਾ ਕਰ ਰਹੇ ਹਨ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਮੇਂ-ਸਮੇਂ 'ਤੇ ਅਜਿਹੇ ਯੋਧਿਆਂ ਨੂੰ ਸਨਮਾਨਿਤ ਕਰਦੇ ਰਹੀਏ ਤਾਂ ਜੋ ਉਨ੍ਹਾਂ ਦਾ ਮਾਣ-ਸਨਮਾਨ ਵਧਾਇਆ ਜਾ ਸਕੇ। ਇਸ ਮੌਕੇ ਨੈਸ਼ਨਲ ਅਕਾਲੀ ਦਲ ਮਹਿਲਾ ਵਿੰਗ ਦੀ ਰਾਸ਼ਟਰੀ ਪ੍ਰਧਾਨ ਭਾਵਨਾ ਧਵਨ, ਦਿੱਲੀ ਸੂਬਾ ਸਕੱਤਰ ਵਿਕਰਾਂਤ ਮੋਹਨ ਵਲੋਂ ਪਰਮਜੀਤ ਸਿੰਘ ਪੰਮਾ ਦੇ ਐਂਗਰੀ ਮੈਨ ਖਿਤਾਬ ਦੇ ਇੱਕ ਦਹਾਕਾ ਪੂਰਾ ਹੋਣ 'ਤੇ ਨੈਸ਼ਨਲ ਅਕਾਲੀ ਦਲ ਅਤੇ ਪ੍ਰਮੁੱਖ ਸਮਾਜ ਸੇਵਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਹਾਲਾਂਕਿ ਪਰਮਜੀਤ ਸਿੰਘ ਪੰਮਾ ਜੀ 31 ਸਾਲਾਂ ਤੋਂ ਲੋਕਾਂ ਦੀ ਆਵਾਜ਼ ਬੁਲੰਦ ਕਰ ਰਹੇ ਹਨ। 2015 ਵਿੱਚ ਉਨ੍ਹਾਂ ਨੂੰ ਸੋਸ਼ਲ ਮੀਡੀਆ ਅਤੇ ਬੀਬੀਸੀ ਦੁਆਰਾ ਐਂਗਰੀ ਮੈਨ ਦਾ ਖਿਤਾਬ ਦਿੱਤਾ ਗਿਆ ਸੀ ਜੋ ਉਹ ਅਜੇ ਵੀ ਬਰਕਰਾਰ ਹੈ। ਪ੍ਰੋਗਰਾਮ ਵਿੱਚ ਮਸ਼ਹੂਰ ਗਾਇਕਾਵਾਂ ਸੁਰੇਖਾ ਰੌਬਿਨ ਰੋਹਨ ਅਤੇ ਗਰਿਮਾ ਆਰੀਆ ਨੇ ਦੇਸ਼ ਭਗਤੀ ਦੇ ਗੀਤ ਗਾਏ ਅਤੇ ਸਾਰਿਆਂ ਨੂੰ ਦੇਸ਼ ਭਗਤੀ ਦਾ ਅਹਿਸਾਸ ਕਰਵਾਇਆ। ਇਸ ਮੌਕੇ ਡਾ. ਉਰਵਸ਼ੀ ਮਿੱਤਲ, ਡਾ. ਅੰਕਿਤ ਨਿਝਰਾ, ਡਾ. ਵਿਪਿਨ ਗੁਪਤਾ, ਅਦਾਕਾਰਾ ਡਾ. ਦਲਜੀਤ ਕੌਰ, ਤਰੁਣ ਬਜਾਜ, ਪ੍ਰੋ. ਐਮ.ਐਨ. ਹੋਡਾ, ਹਰਸ਼ ਅਸਰੀ, ਪ੍ਰੇਮ ਅਰੋੜਾ, ਵਿਪਿਨ ਆਹੂਜਾ, ਸ਼੍ਰੀ ਬਲਦੇਵ ਗੁਪਤਾ, ਪ੍ਰਦੀਪ ਗੁਪਤਾ, ਚੰਦਰ ਭੂਸ਼ਣ ਗੁਪਤਾ, ਨਿਖਿਲ ਗੁਪਤਾ, ਰਾਜਿੰਦਰ ਸ਼ਰਮਾ, ਚੌਧਰੀ ਯੋਗੇਂਦਰ ਸਿੰਘ ਅਤੇ ਹੋਰ ਬਹੁਤ ਸਾਰੀਆਂ ਹਸਤੀਆਂ ਮੌਜੂਦ ਸਨ ਜਿਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸਰਕਾਰ ਦੇ ਦਾਅਵੇ ਵੱਡੇ, ਪਰ ਖਰੜ 'ਚ ਅਜੇ ਵੀ ਹਨੇਰਾ

# ਚੰਡੀਗੜ੍ਹ ਦੇ ਨੱਕ ਹੇਠਾਂ ਵੱਸਦੇ ਖਰੜ 'ਚ ਅੱਤ ਦੀ ਗਰਮੀ 'ਚ 12 ਘੰਟੇ ਬਿਜਲੀ ਰਹੀ ਗੁੱਲ, ਲੋਕ ਪਰੇਸ਼ਾਨ

**ਖਰੜ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪਿੰਡ ਹਰਲਾਲਪੁਰ, ਜੰਡਪੁਰ ਅਤੇ ਸੰਨੀ ਇਨਕਲੇਵ (ਸੈਕਟਰ 124-125) ਦੇ ਕੁਝ ਖੇਤਰਾਂ ਵਿੱਚ ਬੀਤੀ ਰਾਤ ਲਗਭਗ 12 ਘੰਟੇ ਬਿਜਲੀ ਸਪਲਾਈ ਬੰਦ ਰਹਿਣ ਕਾਰਨ ਸਥਾਨਕ ਨਿਵਾਸੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਤੱਕ ਚੱਲੀ ਇਸ ਬਿਜਲੀ ਕੱਟ ਨੇ ਅੱਤ ਦੀ ਗਰਮੀ ਵਿੱਚ ਲੋਕਾਂ ਦੀ ਜੀਣਾ ਮੁਸ਼ਕਿਲ ਕਰ ਦਿੱਤਾ। ਇੱਕ ਪਾਸੇ ਜਿੱਥੇ ਸੂਬਾ ਸਰਕਾਰ ਬਿਜਲੀ ਨੂੰ ਸਰਪਲਸ ਹੋਣ ਦੇ ਵੱਡੇ ਦਾਅਵੇ ਕਰਦੀ ਆ ਰਹੀ ਹੈ ਉੱਥੇ ਹੀ ਚੰਡੀਗੜ੍ਹ ਦੀ ਨੱਕ ਹੇਠਾਂ ਵੱਸਦਾ ਖਰੜ ਸ਼ਹਿਰ ਜੋ ਪਿਛਲੇ ਕਾਫੀ ਸਮੇਂ ਤੋਂ ਅਧੂਰੀ ਬੁਨਿਆਦੀ ਸਹੂਲਤਾਂ ਕਾਰਨ ਚਰਚਾ 'ਚ ਰਿਹਾ ਹੈ ਅਤੇ ਅਜੇ ਵੀ ਲੰਬੇ ਬਿਜਲੀ ਕੱਟਾਂ ਨਾਲ ਜੂਝ ਰਿਹਾ ਹੈ। ਬਿਜਲੀ ਗੁੱਲ ਹੋਣ ਕਾਰਨ ਇਨਵਰਟਰ ਵੀ ਡਾਊਨ ਹੋ ਗਏ। ਲੋਕ ਘਰਾਂ ਤੋਂ ਬਾਹਰ ਖੁੱਲੇ 'ਚ ਰਾਤ ਬਿਤਾਉਣ 'ਤੇ ਮਜਬੂਰ ਹੋ ਗਏ। ਬਜ਼ੁਰਗ, ਬੱਚੇ ਅਤੇ ਮਰੀਜ਼ ਇਸ ਤਾਪਮਾਨ ਵਿੱਚ ਸਭ ਤੋਂ ਵੱਧ ਪ੍ਰਭਾਵਤ ਹੋਏ। ਕੁਝ ਪਰਿਵਾਰ ਆਪਣੇ ਬੱਚਿਆਂ ਸਮੇਤ ਖੁੱਲੀ ਹਵਾਈ ਵਿੱਚ ਰਾਹਤ ਲੈਣ ਦੀ ਕੋਸ਼ਿਸ਼ ਕਰਦੇ ਸੜਕਾਂ ਤੇ ਟਹਿਲਦੇ ਨਜ਼ਰ ਆਏ। ਹੈਰਾਨੀ ਦੀ ਗੱਲ ਇਹ ਹੈ ਕਿ ਜਿੱਥੇ ਪੰਜਾਬ ਸਰਕਾਰ ਬਿਜਲੀ ਸਰਪਲਸ ਹੋਣ ਦੇ ਦਾਅਵੇ ਕਰ ਰਹੀ ਹੈ ਖਰੜ ਸ਼ਹਿਰ ਵਿੱਚ 12 ਘੰਟਿਆਂ ਦੀ ਬਿਜਲੀ ਕੱਟ ਨੇ ਸਰਕਾਰੀ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ। ਵਾਰਡ ਨੰਬਰ 4 ਦੇ ਕੌਂਸਲਰ ਗੋਵਿੰਦਰ ਸਿੰਘ ਚੀਮਾ ਅਤੇ ਨਿਰਮਲ ਸਿੰਘ ਸੈਣੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਬਿਜਲੀ ਸਪਲਾਈ ਬਹਾਲ ਕਰਵਾਉਣ ਲਈ ਉਹਨਾਂ ਵਾਰ-ਵਾਰ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਅਧਿਕਾਰੀਆਂ ਵੱਲੋਂ ਨਾ ਤਾਂ ਫੋਨ ਉਠਾਇਆ ਨਹੀਂ ਗਿਆ ਅਤੇ ਮਾਮਲੇ 'ਚ ਗੰਭੀਰਤਾ ਵੀ ਨਹੀਂ ਦਿਖਾਈ ਗਈ।

### ਕੀ ਕਹਿੰਦੇ ਨੇ ਸੰਬੰਧਿਤ ਐਸਡੀਓ

**ਦੂਜੇ ਪਾਸੇ ਪੀਐਸਪੀਸੀਐਲ ਦੇ ਸੰਬੰਧਿਤ** ਐਸਡੀਓ ਨੇ ਜਾਣਕਾਰੀ ਦਿੱਤੀ ਕਿ ਸੰਨੀ ਇਨਕਲੇਵ ਸਥਿਤ 220 ਕੇ.ਵੀ. ਗਰਿੱਡ ਵਿੱਚ ਤਕਨੀਕੀ ਖਰਾਬੀ ਆਉਣ ਕਾਰਨ ਗਰਿੱਡ ਵਿੱਚ ਬਲਾਸਟ ਹੋ ਗਿਆ ਸੀ ਜਿਸ ਕਾਰਨ ਪੂਰੀ ਗਰਿੱਡ ਬੰਦ ਹੋ ਗਈ।

# ਔਰਤਾਂ ਨੇ ਸਜਾਇਆ ਸੱਭਿਆਚਾਰ, ਏਕਤਾ ਤੇ ਏਆਈ ਜਾਗਰੂਕਤਾ ਦਾ ਮੰਚ






**ਖਰੜ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਕਟਾਣੀ ਖਰੜ ਸ਼ਹਿਰ ਵਿਖੇ ਇੱਕ ਸ਼ਾਨਦਾਰ ਜਸ਼ਨ ਦਾ ਆਯੋਜਨ ਕੀਤਾ ਗਿਆ। ਜਿੱਥੇ ਲਗਭਗ 40 ਉਤਸ਼ਾਹੀ ਔਰਤਾਂ ਖੁਸ਼ੀ, ਊਰਜਾ ਅਤੇ ਏਕਤਾ ਨਾਲ ਭਰੇ ਇੱਕ ਜੀਵੰਤ ਸਟੇਜ ਪ੍ਰੋਗਰਾਮ ਦਾ ਜਸ਼ਨ ਮਨਾਉਣ ਲਈ ਇਕੱਠੀਆਂ ਹੋਈਆਂ। ਇਹ ਪ੍ਰੋਗਰਾਮ ਅਨੀਤਾ ਸੂਦ ਦੁਆਰਾ ਸੰਗੀਤਾ, ਰੇਣੂਕਾ, ਅਨੀਤਾ ਦੇਵੀ, ਮਨੀਸ਼ੀ ਦੇ ਜ਼ੋਰਦਾਰ ਸਮਰਥਨ ਨਾਲ ਸੁੰਦਰ ਢੰਗ ਨਾਲ ਆਯੋਜਿਤ ਕੀਤਾ ਗਿਆ ਸੀ। ਇਹ ਸਮਾਗਮ ਬਹੁਤ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਕਿਉਂਕਿ ਵੱਖ-ਵੱਖ ਖੇਤਰਾਂ ਦੀਆਂ ਔਰਤਾਂ ਨੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲਿਆ, ਹਾਸਾ ਸਾਂਝਾ ਕੀਤਾ, ਅਤੇ ਅਭੁੱਲ ਯਾਦਾਂ ਸਿਰਜੀਆਂ। ਇਸ ਮੌਕੇ ਮਾਹੌਲ ਜਸ਼ਨ ਅਤੇ ਸਾਂਝ ਨਾਲ ਭਰਿਆ ਹੋਇਆ ਸੀ, ਜੋ ਏਕਤਾ ਅਤੇ ਸਸ਼ਕਤੀਕਰਨ ਦੀ ਭਾਵਨਾ ਨੂੰ ਦਰਸਾਉਂਦਾ ਸੀ। ਇਸ ਤੀਜ ਦੇ ਇਸ ਤਿਉਹਾਰ ਦੇ ਮੌਕੇ 'ਤੇ ਔਰਤਾਂ ਨੇ ਨੌਜਵਾਨ ਪੀੜ੍ਹੀ ਨਾਲ ਇੱਕ ਖਾਸ ਸੰਦੇਸ਼ ਸਾਂਝਾ ਕੀਤਾ ਉਹਨਾਂ ਨੇ ਕਿਹਾ ਕਿ ਸਾਨੂੰ ਸਾਰੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਬਹੁਤ ਸਮਝਦਾਰੀ ਦੇ ਨਾਲ ਅਪਣੌਣਾ ਚਾਹੀਦਾ ਹੈ ਅਤੇ ਸਾਨੂੰ ਇਸਦੇ ਵਰਤੋਂ ਰਚਨਾਤਮਕਤਾ ਅਤੇ ਤਰੱਕੀ ਲਈ ਕਰਨੀ ਚਾਹੀਦੀ ਹੈ ਨਾ ਕਿ ਦੁਰਵਰਤੋਂ ਦੇ ਲਈ ਸਾਰੇ ਭਾਗੀਦਾਰਾਂ ਔਰਤਾਂ ਨੇ ਇਸ ਸਮਾਗਮ ਦਾ ਪੂਰਾ ਆਨੰਦ ਮਾਣਿਆ ਅਤੇ ਅਜਿਹੇ ਆਨੰਦਦਾਇਕ ਇਕੱਠ ਲਈ ਧੰਨਵਾਦ ਪ੍ਰਗਟ ਕੀਤਾ। ਉਹਨਾਂ ਨੇ ਕਿਹਾ ਕਿ ਪ੍ਰਬੰਧਕਾਂ ਦਾ ਉਦੇਸ਼ ਹਰ ਸਾਲ ਇਸ ਪਰੰਪਰਾ ਨੂੰ ਜਾਰੀ ਰੱਖਣਾ ਹੈ। ਉਨ੍ਹਾਂ ਨੇ ਆਸ ਜਤਾਈ ਕਿ ਇਹ ਰੀਤ ਹਰ ਸਾਲ ਜਾਰੀ ਰਹੇਗੀ ਅਤੇ ਇਹ ਤੀਜ ਜਸ਼ਨ ਖਰੜ ਦੀਆਂ ਮਹਿਲਾਵਾਂ ਦੀ ਪਛਾਣ ਬਣੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਮਾਜ ਸੇਵੀ ਹਰਪ੍ਰੀਤ ਸਿੰਘ ਪ੍ਰਿੰਸ ਨੇ ਹੁਸ਼ਿਆਰ ਵਿਦਿਆਰਥਣ ਨੂੰ ਨਿਰਵਿਘਨ ਪੜ੍ਹਾਈ ਲਈ ਕਿਤਾਬਾਂ ਭੇਂਟ ਕੀਤੀਆਂ



### ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਸਮਾਜ ਸੇਵੀ ਪ੍ਰਿੰਸ ਤੇ ਪ੍ਰਿੰਸੀਪਲ ਜਗਮੋਹਨ ਸਿੰਘ ਦਾ ਕੀਤਾ ਧੰਨਵਾਦ

ਖੰਨਾ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)-ਅੱਜ ਸਮਾਜ ਸੇਵੀ ਤੇ 'ਵਾਇਸ ਆਫ ਖੰਨਾ ਸਿਟੀਜ਼ਨਜ਼' ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਨੇ ਏ ਐਸ ਸੀਨੀਅਰ ਸੈਕੰਡਰੀ ਸਕੂਲ 'ਚ 11ਵੀਂ ਜਮਾਤ 'ਚ ਪੜ੍ਹਨ ਵਾਲੀ ਲੋੜਵੰਦ ਕਾਬਿਲ ਵਿਦਿਆਰਥਣ ਦੀ ਪੜ੍ਹਾਈ 'ਚ ਰੁਚੀ ਨੂੰ ਦੇਖਦੇ ਹੋਏ ਬਹੁਤ ਜਰੂਰੀ ਕਿਤਾਬਾਂ ਫਿਜ਼ਿਕਸ, ਕੈਮਿਸਟਰੀ ਅਤੇ ਬਾਇਲੋਜੀ ਦੀਆਂ ਕਿਤਾਬਾਂ ਦੇ ਨਵੇਂ ਸੈਟ ਸਕੂਲ ਪ੍ਰਿੰਸੀਪਲ ਸ੍ਰੀ ਇੰਦਰਜੀਤ ਸਿੰਘ ਜੀ ਨੂੰ ਭੇਂਟ ਕੀਤੇ। 'ਹਮ ਸਭ ਏਕ ਹੈਂ' ਗਰੁੱਪ ਦੇ ਮੈਂਬਰ ਕਮਲ ਵਰਮਾ ਨੇ ਦੱਸਿਆ ਕਿ ਪੜ੍ਹਾਈ 'ਚ ਹੁਸ਼ਿਆਰ ਉਕਤ ਵਿਦਿਆਰਥਣ ਦਾ ਗੰਭੀਰ ਸੱਟ ਲੱਗਣ ਕਾਰਨ ਅਪਰੇਸ਼ਨ ਹੋਇਆ ਸੀ, ਜਿਸਨੂੰ ਪੜ੍ਹਾਈ ਜਾਰੀ ਰੱਖਣ ਲਈ ਉਕਤ ਕਿਤਾਬਾਂ ਦੀ ਸਖ਼ਤ ਜਰੂਰਤ ਸੀ। ਹਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਵਿਦਿਆਰਥਣ ਦੀ ਕਾਬਲੀਅਤ ਅਤੇ ਪੜ੍ਹਾਈ 'ਚ ਰੁਚੀ ਨੂੰ ਦੇਖਦੇ ਹੋਏ ਵਾਹਿਗੁਰੂ ਜੀ ਦੀ ਕਿਰਪਾ ਨਾਲ ਤੇ ਪ੍ਰਿੰਸੀਪਲ ਜਗਮੋਹਨ ਸਿੰਘ ਜੀ ਦੇ ਸਹਿਯੋਗ ਨਾਲ ਇਹ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਇਸ ਹੁਸ਼ਿਆਰ ਵਿਦਿਆਰਥਣ ਦੀ ਪੜ੍ਹਾਈ ਨਿਰਵਿਘਨ ਜਾਰੀ ਰਹੇ। ਪ੍ਰਿੰਸੀਪਲ ਇੰਦਰਜੀਤ ਸਿੰਘ ਜੀ ਨੇ ਇਸ ਨੇਕ ਕਾਰਜ ਲਈ ਸਮਾਜ ਸੇਵੀ ਹਰਪ੍ਰੀਤ ਸਿੰਘ ਪ੍ਰਿੰਸ ਤੇ ਪ੍ਰਿੰਸੀਪਲ ਜਗਮੋਹਨ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਇੰਦਰਜੀਤ ਸਿੰਘ, ਸ੍ਰੀਮਤੀ ਸਰੋਜ ਵਰਮਾ, ਸ੍ਰੀਮਤੀ ਅਨੀਤਾ ਸ਼ਰਮਾ, ਮਿਸ ਨੇਹਾ ਮੈਨਰੋ, ਕਮਲ ਵਰਮਾ ਤੇ ਵਾਤਾਵਰਨ ਪ੍ਰੇਮੀ ਸ਼ੇਰ ਸਿੰਘ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਵਾਤਾਵਰਨ ਨੂੰ ਸ਼ੁੱਧ ਅਤੇ ਸਾਫ਼ ਸੁਥਰਾ ਬਣਾਉਣ ਲਈ ਰੁੱਖ ਲਗਾਉਣਾ ਸਮੇਂ ਦੀ ਮੁੱਖ ਲੋੜ - ਪ੍ਰਿੰਸੀਪਲ ਅਜੇਪਾਲ ਸਿੰਘ

### ਰੁੱਖਾਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ - ਮੈਡਮ ਮਨਪ੍ਰੀਤ ਕੌਰ





**ਲੁਧਿਆਣਾ -(ਵਰਿਆਮ ਹਠੂਰ)**-ਵਾਤਾਵਰਨ ਨੂੰ ਸ਼ੁੱਧ ਅਤੇ ਸਾਫ਼ ਸੁਥਰਾ ਰੱਖਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਤੇ ਰੁੱਖ ਲਗਾ ਕੇ ਉਨ੍ਹਾਂ ਦਾ ਆਪਣੀ ਜ਼ਿੰਮੇਵਾਰੀ ਨਾਲ ਪਾਲਣ ਪੋਸ਼ਣ ਕਰਨਾ ਚਾਹੀਦਾ ਹੈ। ਜੇ ਵੱਧ ਤੋਂ ਵੱਧ ਰੁੱਖ ਲਾਵਾਂਗੇ ਤਾਂ ਹੀ ਵਾਤਾਵਰਨ ਸ਼ੁੱਧ, ਸਾਫ਼ ਸੁਥਰਾ ਅਤੇ ਹਰਿਆ ਭਰਿਆ ਹੋਵੇਗਾ, ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਈਡੀਅਲ ਕੌਨਵੈਂਟ ਸਕੂਲ ਹਠੂਰ (ਲੁਧਿਆਣਾ) ਦੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਅਤੇ ਵਾਈਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਧਾਲੀਵਾਲ ਨੇ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਰੁੱਖਾਂ ਨਾਲ ਹੀ ਮਨੁੱਖੀ ਜੀਵਨ ਦੀ ਹੋਂਦ ਹੈ। ਤੇ ਰੁੱਖਾਂ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਇਸ ਲਈ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਅਤੇ ਤਾਪਮਾਨ ਨੂੰ ਠੀਕ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ। ਤੇ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਬੇਸ਼ੱਕ ਵਾਤਾਵਰਣ ਪ੍ਰੇਮੀ, ਕਲੱਬਾਂ, ਸੰਸਥਾਵਾਂ, ਸਮਾਜ ਸੇਵੀ ਰੁੱਖ ਲਗਾਉਣ ਲਈ ਆਪਣਾ ਬਣਦਾ ਰੋਲ ਅਦਾ ਕਰ ਰਹੇ ਹਨ। ਪਰ ਹਰ ਇਨਸਾਨ ਨੂੰ ਰੁੱਖ ਲਗਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਕਿਉਂਕਿ ਰੁੱਖ ਸਾਨੂੰ ਜਿੱਥੇ ਆਕਸੀਜਨ ਦਿੰਦੇ ਹਨ ਉੱਥੇ ਠੰਡੀਆਂ ਛਾਵਾਂ ਵੀ ਦਿੰਦੇ ਹਨ। ਫਲਦਾਰ ਦਰੱਖਤ ਸਾਨੂੰ ਛਾਂ ਦੇ ਨਾਲ ਨਾਲ ਮਿੱਠੇ ਫ਼ਲ ਵੀ ਖਾਣ ਲਈ ਦਿੰਦੇ ਹਨ। ਤੇ ਸਾਨੂੰ ਕੁਦਰਤ ਦੇ ਨੇੜੇ ਤੇੜੇ ਰਹਿ ਕੇ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ। ਜੇ ਮਨੁੱਖ ਦੇ ਅੰਤਿਮ ਸਮੇਂ ਦੀ ਗੱਲ ਕਰੀਏ ਤਾਂ ਇਨਸਾਨ ਦੀ ਮੌਤ ਭਾਵ ਸਰੀਰ ਛੱਡਣ ਤੋਂ ਬਾਅਦ ਇੱਕ ਰੁੱਖ ਦਾ ਬਾਲਣ ਉਸ ਦੇ ਸੰਸਕਾਰ ਲਈ ਲੱਗ ਜਾਂਦਾ ਹੈ। ਇਸ ਲਈ ਹਰ ਮਨੁੱਖ ਦਾ ਫਰਜ਼ ਬਣਦਾ ਹੈ। ਕਿ ਰੁੱਖ ਲਗਾਉਣ ਲਈ ਅੱਗੇ ਆਵੇ, ਅੰਤ ਵਿੱਚ ਉਨ੍ਹਾਂ ਕਿਹਾ ਕਿ ਕਦੇ ਕਿਹਾ ਜਾਂਦਾ ਸੀ ਕਿ ਹਰ ਮਨੁੱਖ ਲਾਵੇ ਇੱਕ ਰੁੱਖ ਪਰ ਹੁਣ ਇਹ ਦੇ ਉਲਟ ਹਰ ਮਨੁੱਖ ਲਾਵੇ ਸੌ ਰੁੱਖ ਵਾਲਾ ਸਮਾਂ ਚੱਲ ਰਿਹਾ ਹੈ। ਆਓ ਵੱਧ ਤੋਂ ਵੱਧ ਰੁੱਖ ਲਗਾਈਏ ਤਾਂ ਜੋ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਸ਼ੁੱਧ ਅਤੇ ਸਾਫ਼ ਸੁਥਰਾ ਵਾਤਾਵਰਨ ਦੇ ਸਕੀਏ।

ਆਵਾਜ਼ਿ ਕੌਮ AWAZE QAUM International Newspaper & WEB TV

# ਆਜ਼ਾਦ ਟੂਰ ਐਂਡ ਟਰੈਵਲ ਵੈਲਫੇਅਰ ਐਸੋਸੀਏਸ਼ਨ ਦਾ ਸ਼ਲਾਘਾਯੋਗ ਉਪਰਾਲਾ , ਵਾਤਾਵਰਨ ਦੀ ਸ਼ੁੱਧਤਾ ਲਈ ਛਾਂ ਦਾਰ ਬੂਟੇ ਲਗਾਏ

**ਧਨੌਲਾ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਆਜ਼ਾਦ ਟੂਰ ਐਂਡ ਟਰੈਵਲ ਵੈਲਫੇਅਰ ਐਸੋਸੀਏਸ਼ਨ 22 ਏਕੜ ਬਰਨਾਲਾ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਛਾਂ ਦਾਰ ਬੂਟੇ ਲਗਾਏ ਗਏ, ਇਸ ਮੌਕੇ ਆਜ਼ਾਦ ਟੂਰ ਐਂਡ ਟਰੈਵਲ ਐਸੋਸੀਏਸ਼ਨ ਵੈਲਫੇਅਰ 22 ਏਕੜ ਬਰਨਾਲਾ ਦੇ ਖਜ਼ਾਨਚੀ ਮੱਖਣ ਸਿੰਘ ਜਲੂਰ ਅਤੇ ਰਜਿੰਦਰ ਕੁਮਾਰ ਰਾਜ ਨੇ ਦੱਸਿਆ ਕਿ ਰੁੱਖਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ, ਮਨੁੱਖਾਂ ਸਮੇਤ ਜਿੰਨੇ ਜੀਵ ਧਰਤੀ ਉੱਤੇ ਵੱਸਦੇ ਹਨ, ਉਹਨਾਂ ਦਾ ਜੀਵਨ ਰੁੱਖਾਂ ਦੀ ਸਹਾਰੇ ਹੀ, ਰੁੱਖ ਸਾਹ ਲੈਣ ਲਈ ਹਵਾ ਨੂੰ ਸਾਫ ਕਰਦੇ ਹਨ ਅਤੇ ਮੀਂਹ ਲਿਆਉਣ ਵਿੱਚ ਸਹਾਈ ਹੁੰਦੇ ਹਨ ਉਹਨਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤਾਂ ਵਾਤਾਵਰਨ ਸਾਫ ਰਹੇ, ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਅੱਜ ਵੱਖ-ਵੱਖ ਥਾਵਾਂ ਤੇ ਛਾਂ ਦਾਰ ਬੂਟੇ ਲਗਾਏ ਗਏ ਹਨ, ਇਸ ਮੌਕੇ ਅਸ਼ਵਨੀ ਕੁਮਾਰ ਪਾਲੀ, ਬਹਾਦਰ ਸਿੰਘ ਫੌਜੀ, ਬਾਰੂ ਸਿੰਘ ਝਲੂਰ, ਬਾਬਲੀ ਸਿੰਘ, ਜਤਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।



# ਧਨੌਲਾ ਪੁਲਿਸ ਵੱਲੋਂ ਦੋ ਵਿਅਕਤੀ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ



**ਧਨੌਲਾ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**:- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਸਥਾਨਕ ਪੁਲਿਸ ਵੱਲੋਂ ਦੋ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਗਿਆ ਹੈ। ਤਫਤੀਸ਼ੀ ਅਫਸਰ ਜਸਵੀਰ ਸਿੰਘ ਨੇ ਦੱਸਿਆ ਕਿ ਐੱਨ. ਡੀ. ਪੀ. ਐੱਸ. ਐਕਟ ਅਨੁਸਾਰ ਟਹਿਲ ਸਿੰਘ ਉਰਫ ਟਹਿਲੂ ਵਾਸੀ ਧਨੌਲਾ ਜਿਸ ਕੋਲੋਂ ਖੁੱਲੀਆਂ 80 ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ ਜੋ ਧਨੌਲਾ ਭੀਖੀ ਮੇਨ ਰੋਡ ਰੋਡ 'ਤੇ ਕਰੀਬ 50 ਮੀਟਰ ਅੱਗੇ ਖੱਬੀ ਸਾਈਡ ਤੇ ਇੱਕ ਬੇਆਬਾਦ ਇਮਾਰਤ ਵਿੱਚ ਬੈਠਿਆ ਹੋਇਆ ਸੀ। ਇਸ ਤੋਂ ਇਲਾਵਾ ਐਕਸਾਈਜ਼ ਐਕਟ ਤਹਿਤ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਪਿੰਡ ਭੱਠਲਾਂ ਜਿਸ ਕੋਲੋਂ 60 ਬੋਤਲਾਂ ਨਾਜਾਇਜ਼ ਸ਼ਰਾਬ ਠੇਕਾ ਦੇਸੀ ਜੋ ਗੋਬਿੰਦਪੁਰਾ ਧਨੌਲਾ ਤੋਂ ਬਰਾਮਦ ਕੀਤੀਆਂ ਗਈਆਂ ਹਨ। ਇੰਨਾ ਕਾਬੂ ਕੀਤੇ ਗਏ ਵਿਅਕਤੀਆਂ ਤੇ ਕਾਨੂੰਨੀ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।